# ਖੁਦਾ ਅਤੇ ਸ਼ੈਤਾਨ ਵਿਚਕਾਰ ਸੰਘਰਸ਼

ਇਹਨਾਂ ਵਧੀਆ ਗੀਤਾਂ ਨੂੰ ਸੁਣ ਕੇ, ਕਲੀਸਿਯਾ ਅੰਦਰ ਉਹਨਾਂ ਨੂੰ ਗਾਉਂਦੇ ਸੁਣ ਕੇ, ਅਤੇ ਪਿਛਲੇ ਸਮਿਆਂ ਤੋਂ ਵਿਚਰਦੇ ਹੋਏ, ਜਿਹੜੇ ਚਿਹਰੇ ਮੈਂ ਲੰਬੇ ਸਮੇਂ ਤੋਂ ਨਹੀਂ ਵੇਖੇ ਹਨ ਦੇਖਦੇ ਹੋਏ, ਅਤੇ ਉਹਨਾਂ ਬਾਰੇ ਕਲੀਸਿਯਾ ਅੰਦਰ ਵਾਪਸ ਆਉਣਾ, ਇਹ ਅਸਲੀ ਗੱਲ ਹੈ, ਕੀ ਤੁਸੀਂ ਇਸ ਤਰ੍ਹਾਂ ਨਹੀਂ ਸੋਚਦੇ ਹੋ? (ਸਭਾ ਆਖਦੀ ਹੈ, "ਅਮੀਨ"—ਸੰਪਾਦਕ) ਵਧੀਆ। ਮੈਂ ਬਸ ਕੁਝ ਕੁ ਪਲਾਂ ਪਹਿਲਾਂ...

2 ਮੈਂ ਇੱਕ ਪੁਰਾਣੇ ਮਿੱਤਰ ਨੂੰ ਨਹੀਂ ਦੇਖਿਆ ਹੈ, ਉਹ, ਉਸਦੀ ਵਿਦਾਇਗੀ ਤੇ, ਮੇਰਾ ਅੰਦਾਜਾ ਹੈ, ਪਰ ਕਈ ਸਾਲ ਬੀਤ ਗਏ ਹਨ, ਜਦ ਮੈਂ ਉਸਨੂੰ ਮਿਲਿਆ ਸਾਂ; ਇੱਕ ਮੁੰਡਾ, ਜਿਮ ਪੂਲ, ਨੂੰ ਜਾਂਦਾ ਹੁੰਦਾ ਸੀ, ਜਦ ਮੈਂ ਲੜਕਾ ਸਾਂ, ਅਤੇ ਹੁਣ ਇੱਕ ਪਲ ਕੁ ਪਹਿਲਾਂ ਮੇਰੇ ਘਰ ਤੇ ਮਿਲਿਆ, ਖੈਰ ਜਦੋਂ ਦਾ ਮੈਂ ਵਿਆਹਿਆ ਗਿਆ ਹਾਂ।

3 ਅਤੇ ਸ਼੍ਰੀਮਤੀ ਵੁਡਸ ਨੇ ਇੱਥੇ ਉਸਨੂੰ ਨਿਮੰਨਤਰਣ ਦਿੱਤਾ ਸੀ, ਹੇਠਾਂ ਆ ਕੇ ਸਾਨੂੰ ਪ੍ਰਚਾਰ ਕਰਦੇ ਸੁਣੋ ਉਸ ਆਖਿਆ, "ਠੀਕ ਹੈ, ਮੈਂ ਉਸਨੂੰ ਸੁਣਨ ਦਾ ਹਰ ਸਮੇਂ ਆਦਿ ਹਾਂ।"

4 ਅਤੇ ਜਦ ਅਸੀਂ ਇੱਕਠੇ ਸਿਰ ਲਈ ਜਾਇਆ ਕਰਦੇ ਸਾਂ, ਸ਼ਿਕਾਰ ਆਦਿ ਵਾਸਤੇ। ਅਤੇ ਅਸੀਂ...ਉਹ ਨਹੀਂ...ਤੁਸੀਂ ਜਾਣਦੇ, ਉਹ ਬਹੁਤ ਕੁਝ ਨਹੀਂ ਸੀ ਬੋਲਦਾ। ਸਾਰਾ ਸਮਾਂ ਮੈਂ ਗੱਲਾਂ ਕਰਦਾ ਸਾਂ, "ਕੀ ਤੂੰ ਕੋਈ ਗੱਲ ਨਹੀਂ ਕਰੇਂਗਾ।"

ਉਹ ਬੋਲਿਆ, "ਮੈਂ ਕਿਸ ਤਰ੍ਹਾਂ ਕਰ ਸਕਦਾ ਹਾਂ?" ਮੈਂ ਹੀ ਪੂਰਾ ਸਮਾਂ ਲੈ ਲਿਆ ਸੀ।

5 ਇਸ ਲਈ ਉਹ ਇਸ ਤਰ੍ਹਾਂ ਲੱਗਦਾ ਹੈ ਉਸ ਰਾਹ ਤੇ ਮੇਰੇ ਨਾਲ ਇਸ ਤਰ੍ਹਾਂ ਸੀ, ਸਮਾਂ ਬਿਤਾਉਣ ਵਾਂਗ, ਬਹੁਤ ਗੱਲਾਂ ਕਰਦੇ ਹੋਏ, ਕਰਦੇ ਜਾਣਾ, ਕਿਸੇ ਪਾਸੇ ਨਾ ਲੱਗਣਾ। ਪਰ ਅੱਜ ਮੈਂ ਖੁਸ਼ ਹਾਂ, ਉਹਨਾਂ ਦਿਨਾਂ ਤੋਂ ਬਾਅਦ ਮੈਂ ਗੱਲਾਂ ਕਰਨ ਵਾਲਾ ਆਪਣਾ ਰਵਈਆ ਬਦਲ ਲਿਆ ਹੈ, ਪ੍ਰਭੂ ਬਾਰੇ ਗੱਲਾਂ ਕਰਨਾ। ਬਸ ਮੈਂ ਖੁਦਾ ਨੂੰ ਪਿਆਰ ਕਰਦਾ ਹਾਂ।

6 ਮੈਂ ਭਾਈ ਰਦੈਲ ਨਾਲ ਗੱਲ ਕਰ ਰਿਹਾ ਸੀ। ਅਤੇ ਉਹ ਮੈਨੂੰ ਦੱਸ ਰਿਹਾ ਸੀ...(ਭਾਈ ਟੈਂਪਲ ਤੁਹਾਡਾ ਧੰਨਵਾਦ) ਮੈਂ ਭਾਈ ਰਦੈਲ ਨਾਲ ਗੱਲ ਕਰ ਰਿਹਾ ਸੀ। ਕੁਝ ਦਿਨ ਪਹਿਲਾਂ ਉਸਨੇ ਹੇਠਾਂ ਆ ਕੇ ਮੇਰੇ ਨਾਲ ਗੱਲ ਕੀਤੀ

ਅਤੇ ਮੈਨੂੰ ਦੱਸਿਆ, ਕਿ ਤਿੰਨ ਸੁਪਨੇ ਉਸ ਨੇ ਵੇਖੇ ਸਨ। ਅਤੇ ਮੈਨੂੰ ਦੋ ਯਾਦ ਹਨ। ਮੈਂ ਇੱਕ ਹੋਰ ਤਾਂ ਭੁੱਲ ਗਿਆ ਹਾਂ। ਮੈਂ ਉਸਨੂੰ ਦੱਸਣ ਦੀ ਕੋਸ਼ਿਸ਼ ਕਰ ਰਿਹਾ ਸਾਂ ਕਿ ਉਹ ਕੀ ਸੀ। ਮੇਰੇ ਪਾਸ ਸ਼ੀਸ਼ਾ ਸੀ, ਸ਼ੀਸ਼ੇ ਰਾਹੀਂ ਵਿਖਾਉਣ ਅਤੇ ਕਹਿਣ ਦੀ ਕੋਸ਼ਿਸ਼ ਕਰ ਰਿਹਾ ਸੀ, "ਤੁਸੀਂ ਵੇਖੋ ਖੁਦਾ ਕਿਸ ਤਰ੍ਹਾਂ ਵਿਖਾਈ ਦਿੰਦਾ ਹੈ, ਉਸੇ ਤਰ੍ਹਾਂ ਜਿਸ ਤਰ੍ਹਾਂ ਅਸੀਂ ਇੱਕ ਸ਼ੀਸ਼ੇ ਵਿਚ ਵਿਖਾਈ ਦਿੰਦੇ ਹਾਂ।" ਉਹ ਪੱਕੇ ਤੌਰ ਤੇ ਵਧੀਆ ਹੀ ਸੀ।

7 ਭਾਈ ਕਰੀਚ, ਕੀ ਇਹ ਤੇਰੀ ਲੜਕੀ ਹੈ, ਜੋ ਪਿਆਨੋ ਵਜਾ ਰਹੀ ਹੈ? ਕੀ ਉਹੋ ਹੈ? ਮੈਨੂੰ ਪਤਾ ਨਹੀ, ਕੀ ਪੈਟੀ ਸੀ (ਕੋਈ ਇੱਕ ਆਖਦਾ ਹੈ, ਉਹ ਠੀਕ ਇਸ ਥਾਂ ਮੰਚ ਉੱਤੇ ਪਿਛਲੇ ਪਾਸੇ ਤੇ ਹਨ।—ਸੰਪਾਦਕ) ਪੈਟੀ ਕਿਥੇ ਹੈ? ਕਿਸੇ ਪਾਸੇ...ਮੇਰਿਆ, ਭਲਾ ਹੋਵੇ! ਪੈਟੀ। ਮੈਨੂੰ ਯਾਦ ਹੈ ਜਦ ਉਹ ਹੇਠਾਂ ਉੱਥੇ ਰਹਿੰਦੀ ਸੀ, ਠੀਕ, ਉੱਥੇ ਠੀਕ ਜਿੱਥੇ ਹੁਣ ਰਹਿੰਦੇ ਹਨ। ਬਸ ਇਹ ਛੋਟੇ ਸਾਥੀ ਵਾਂਗੂ ਹੈ ਜੋ ਠੀਕ ਇੱਥੇ ਪੱਕੇ ਢੰਗ ਨਾਲ ਰਹੀ ਰਿਹਾ ਹੈ। ਅਤੇ ਮੈਰੀ— ਜੋ ਹੈ, ਮੇਰਾ ਅੰਦਾਜਾ ਹੈ ਕਿ ਉਸਦੀ ਸ਼ਾਦੀ ਹੋ ਚੁੱਕੀ ਹੈ। ਕੁਝ ਪਲ ਪਹਿਲਾਂ ਜਿਮ ਉੱਥੇ ਖੜਾ ਸੀ। ਉਹਦੇ ਬੱਚੇ ਦਾ ਬੱਚਾ ਉੱਥੇ ਖੜ੍ਹਾ ਸੀ। ਅਤੇ ਇੱਥੇ ਮੇਰੇ ਬੱਚਿਆਂ ਦੇ ਬੱਚੇ ਅੰਦਰ ਆਏ। ਮੈਂ ਆਖਿਆ, "ਜੇ ਹੋ ਸਕਦਾ ਅਸੀਂ ਇਸੇ ਤਰ੍ਹਾਂ ਇੱਕ ਸੋਟੇ ਦੇ ਸਹਾਰੇ ਚੱਲੀਏ। ਕੀ ਤੁਸੀਂ ਇਸ ਤਰ੍ਹਾਂ ਨਹੀਂ ਸੋਚਦੇ?" (ਭਾਈ ਬ੍ਰਾਨਹਮ ਅਤੇ ਸਭਾ ਹੱਸਦੀ ਹੈ।)

8 ਪਰ ਕੇਵਲ ਉਸ ਪਾਰ, ਉਹ ਹੈ ਮਹਾਨ ਸਥਾਨ। ਉਹ ਹੀ ਪਾਸਾ ਹੈ ਜਿਸ ਦੀ ਭਾਲ ਵਿਚ ਅਸੀਂ ਹਾਂ। ਅਤੇ ਇਹ ਕੇਵਲ ਇਹ ਹੀ ਨਹੀਂ ਹੈ ਕਿਓਂ ਜੋ ਮੈਂ... ਮੈਂ ਸਿਆਣਾ ਹੋ ਰਿਹਾ ਹਾਂ, ਉਸ ਬਾਰੇ ਮੈਂ ਸੋਚਦਾ ਹਾਂ, ਜਦ ਮੈਂ ਛੋਟਾ—ਛੋਟਾ ਬਸ ਇਕ ਨੌਜਵਾਨ ਆਪਣੇ ਜੀਵਨ ਦੀ ਛੋਟੀ ਅਵਸਥਾ ਵਿਚ ਸਾਂ। ਮੈਂ ਨਿਹਚਾ ਕਰਦਾ ਹਾਂ ਕਿ ਕਿਸੇ ਪਾਸੇ ਇੱਕ ਧਰਤੀ ਹੀ। ਅਸੀਂ ਉਸ ਰਾਹ ਤੇ ਜਾ ਰਹੇ ਹਾਂ। ਮੈਨੂੰ ਇਸ ਬਾਰੇ ਬਹੁਤ ਖੁਸ਼ੀ ਹੈ।

9 ਤੁਸੀਂ ਜਾਣਦੇ ਹੋ ਮੈਂ ਉਸ ਕਿਸੇ ਚੀਜ਼ ਵਾਸਤੇ ਵੱਧ ਮਾਤਰਾ ਵਿਚ ਨਹੀ ਕਹਿੰਦਾ ਹਾਂ ਖਾਸ ਕਰਕੇ ਜਦ ਤੁਸੀਂ ਗੱਲ ਹੀ ਕਰਦੇ ਹੋ।

10 ਪਰ ਬਹੁਤ ਵਾਰੀ ਮੈਂ— ਵਚਨ ਅੰਦਰੋਂ ਕੋਈ ਹੋਰ ਦੂਸਰੀ ਗੱਲ ਚੁਣ ਲੈਂਦਾ ਹਾਂ। ਪਰ ਕਿਸੇ ਸਮੇਂ ਪ੍ਰਭੂ ਮੈਨੂੰ ਕੋਈ ਚੀਜ਼ ਦੇ ਦਿੰਦਾ ਹੈ, ਅਤੇ ਜਦ ਮੈਂ ਕਿਸੇ ਇੱਕ ਵਧੀਆ ਅਸਲ ਚੀਜ਼ ਦੀ ਪੱਕੜ ਕਰਦਾ ਹਾਂ ਬਸ ਮੈਨੂੰ ਮੌਤ ਦੀ ਕੰਬਣੀ ਲੱਗ ਜਾਂਦੀ ਹੈ। ਮੈਂ ਬਸ ਓਹੋ ਇਹ ਬਸ ਮੈਨੂੰ ਇਨ੍ਹਾਂ ਚੰਗਾ ਲੱਗਦਾ ਹੈ। ਅਸੀਂ ਸਭ ਉਸੇ ਤਰ੍ਹਾਂ ਮਹਿਸੂਸ ਕਰਦੇ ਹਾਂ। ਮੈਨੂੰ ਪਤਾ ਹੈ ਭਾਈ ਨੇਵਲ, ਤੁਸੀਂ ਅਤੇ ਭਾਈ ਭੈਣਾਂ ਇਥੇ, ਭਾਈ ਜੂਨਿਯਰ ਅਤੇ ਤੁਸੀਂ ਸਾਰੇ, ਤੁਸੀਂ ਸਾਰੇ ਇਸੇ ਤਰ੍ਹਾਂ

ਮਹਿਸੂਸ ਕਰਦੇ ਹੋ ਜਦ ਤੁਸੀਂ ਪ੍ਰਭੂ ਦੀ ਦਿੱਤੀ ਕੋਈ ਗੱਲ ਪ੍ਰਾਪਤ ਕਰਦੇ ਹੋ ਅਤੇ ਤੁਸੀਂ ਦੇਖ ਲੈਂਦੇ ਹੋ, ਇਹ ਬਸ ਬਹੁਤ ਵਧੀਆ ਹੁੰਦੀ ਹੈ।

11 ਅਤੇ ਕਿਸੇ ਹੋਰ ਨੂੰ ਮੈਂ ਪ੍ਰਚਾਰ ਕਰ ਰਿਹਾ ਸੀ, ਮੇਰੀ ਨਿਹਚਾ ਇਹ ਡੇਰਾ ਹੀ ਸੀ, ਅਤੇ ਜਦ ਦਾ ਮੈਂ ਤਬਦੀਲ ਹੋਇਆ ਹਾਂ। ਮੈਂ ਸੋਚਦਾ ਹਾਂ ਏਨੀ ਹੋਰ ਵਧੀਆ ਗੱਲ ਦਾ ਮੈਨੂੰ ਪਤਾ ਨਹੀਂ ਲੱਗਾ ਅਤੇ ਉਹ ਸੀ...ਹੋ ਸਕਦਾ ਮੈਂ ਇਸ ਨੂੰ ਦੁਬਾਰਾ ਦੁਹਰਾਵਾਂ, ਜੇ ਕਰ ਸਹੀ ਹੋਵੇ ਤਾਂ। ਮੈਂ ਜਾਣਦਾ ਹਾਂ ਤੁਸੀਂ ਉਸ ਸਥਾਨ ਨੂੰ ਜਾਣਦੇ ਹੋ ਕਿ ਮੈਂ ਕਿਹੜੀ ਜਗ੍ਹਾ ਜਾ ਰਿਹਾ ਹਾਂ, ਪਰ ਇਹ ਮੁਕਤੀ ਪਾਉਣ ਦਾ ਸਬੂਤ ਸੀ, ਵੇਖੋ? ਬਸ ਮੈਂ...ਇਹ ਮੈਨੂੰ ਪਤਾ ਲੱਗ ਗਿਆ ਅਤੇ ਮੈਂ ਇਹ ਆਖਿਆ। ਮੈਂ ਘਰ ਚਲਾ ਗਿਆ, ਆਪਣੇ ਘਰ ਅੰਦਰ ਚਲਾ ਗਿਆ। ਫਰਸ਼ ਉੱਪਰ ਹੇਠਾਂ ਉੱਪਰ ਫਿਰਦਾ ਗਿਆ, ਮੈਂ—ਮੇਰੇ ਪਾਸ ਖੁਦ ਬਸ ਇੱਕ ਵਧੀਆ ਸਮਾਂ ਸੀ, ਤੁਸੀਂ ਜਾਣੋ, ਸਿਰਫ ਉੱਥੇ ਇਸ ਬਾਰੇ ਸੋਚਦੇ ਹੋਏ।

12 ਅਤੇ ਇਹ ਹੈ ਇੱਥੇ ਜੋ ਕੁਝ ਸੀ। ਹੋ ਸਕਦਾ ਹੈ ਬੱਸ ਇੱਕ ਕੁ ਮਿੰਟ ਅੰਦਰ ਮੈਂ ਤੁਹਾਡੇ ਤੱਕ ਪਹੁੰਚਾ ਦੇਵਾਂ, "ਅਸੀਂ ਸਾਰੀਆਂ ਚੀਜ਼ਾਂ ਦੇ ਅਧਿਕਾਰੀ ਹਾਂ। ਹਰੇਕ ਚੀਜ਼ ਸਾਡੀ ਹੈ," ਉਹ ਆਖਦੇ ਹਨ ਕਿ ਅਸੀਂ ਝੱਲਿਆਂ ਦਾ ਝੁੰਡ ਹਾਂ, ਤੁਸੀਂ ਜਾਂਦੇ ਹੋ। ਪਰ ਫੇਰ ਵੀ, ਆਖਰਕਾਰ, ਇਹ ਸਭ ਸਾਡੀਆਂ। ਸਮਝੇ? ਅਤੇ ਅਸੀਂ ਜਰੂਰ...ਇਹ ਹੀ ਕਰਨ ਹੈ ਸਾਡੀ ਕਾਰਵਾਹੀ ਥੋੜ੍ਹੀ ਅਜੀਬ ਹੀ ਹੈ, ਤੁਸੀਂ ਸਮਝ ਗਏ, ਅਸੀਂ ਸਾਰੀਆਂ ਚੀਜ਼ਾਂ ਦੇ ਮਲਿਕ ਹਾਂ। ਸਮਝੇ?

13 ਅਤੇ ਮੈਂ ਸੋਚ ਰਿਹਾ ਹਾਂ, ਸਾਡੇ ਪਾਸ ਪਿਆਰ ਹੈ, ਅਨੰਦ, ਹੌਸਲਾ ਸਾਡੇ ਪਾਸ ਨਿਹਚਾ ਹੈ, ਅਤੇ ਧੀਰਜ, ਨਮਰਤਾ ਸਬਰ, ਹਲੀਮੀ। ਤੁਸੀਂ ਇਹ ਸਭ ਕਿਸੇ ਤਰ੍ਹਾਂ ਦੇ ਪੈਸੇ ਨਾਲ ਨਹੀ ਖਰੀਦ ਸੱਕਦੇ ਹੋ। ਕੋਈ ਗੱਲ ਨਹੀ ਇਹ ਨਹੀ ਹੁੰਦਾ...ਜਾਓ ਜਾ ਕੇ ਧੀਰਜ ਦਾ ਚੌਥਾ ਭਾਗ ਵੀ ਮੈਨੂੰ ਖਰੀਦ ਕੇ ਦੱਸੋ। ਤੁਸੀਂ ਸਮਝ ਗਏ। ਬਸ ਇਹ ਹੋ ਨਹੀ ਸੱਕਦਾ। ਪਰ ਤਾਂ ਵੀ ਖੁਦਾ ਸਾਨੂੰ ਉਹ ਦਿੰਦਾ ਹੈ। ਉਹ ਸਾਡੇ ਪਾਸ ਹੈ। ਉਹ ਸਾਡੀ ਸੰਪਤੀ ਹੈ। ਅਤੇ ਫਿਰ ਸਾਨੂੰ ਥੋੜੀ ਹੀ ਨਿਹਚਾ ਖਰੀਦ ਦਿਓ। ਅਤੇ ਅਸੀਂ ਥੋੜੇ ਵਿਸ਼ਵਾਸ ਲਈ ਸਭ ਜੋ ਸਾਡੇ ਪਾਸ ਹੈ ਦੇਣ ਨੂੰ ਰਜਾਮੰਦ ਹੋ ਜਾਵਾਂਗੇ, ਤੁਸੀ ਸਮਝ ਗਏ? ਪਰ ਸਾਨੂੰ ਦਿੱਤਾ ਜਾਂਦਾ ਹੈ ਅਤੇ ਸਭੋ ਕੁਝ ਖੁਦਾ ਵੱਲੋਂ ਮੁਫਤ ਆ ਰਿਹਾ ਹੈ। ਕੀ ਉਹ ਵਧੀਆ ਨਹੀਂ ਹੈ?

14 ਫੇਰ ਮੈਂ ਇਸਦੇ ਬਾਰੇ ਸੋਚਿਆ ਜਦ ਇਸਰਾਏਲ ਇੱਕ ਵਾਰ ਗੁਲਾਮ, ਖੁਦਾ ਦੇ ਬੱਚੇ ਮਿਸਰ ਵਿੱਚ, ਗੁਲਾਮੀ ਅੰਦਰ ਸਨ। ਹੁਣ, ਉਹ ਖੁਦਾ ਦਾ ਵਿਰਸਾ ਸਨ, ਜਿਸ ਤਰ੍ਹਾਂ ਕਿ ਅੱਜ ਅਸੀਂ ਹਾਂ। ਅਤੇ ਸ਼ਾਇਦ ਫੇਰ ਉਹਨਾਂ ਦੇ ਖਾਣ ਲਈ ਕੁਝ ਲੈ ਆਉਂਦੇ ਵੇਲੀਆਂ ਰੋਟੀਆਂ ਦਾ ਇੱਕ ਢੇਰ ਅਤੇ ਲਿਆ ਕੇ ਇਹਨੂੰ

ਸੁੱਟ ਦਿੰਦੇ ਅਤੇ ਕੋਈ ਵੀ ਚੀਜ਼ ਜੋ ਉਹਨਾਂ ਪਾਸ ਸੀ। ਇੱਕ ਨੂੰ ਮਾਰ ਦੇਣਾ, ਇਹ ਇਸ ਤਰ੍ਹਾਂ ਸੀ ਕਿਸੇ ਇੱਕ ਕੁੱਤੇ ਨੂੰ ਮਾਰ ਦੇਣਾ, ਕਿਸੇ ਇੱਕ ਹੋਰ ਚੀਜ਼ ਨੂੰ ਮਾਰ ਦੇਣ ਵਾਂਗੂ ਸੀ। ਅਤੇ ਉਹ ਉੱਥੋਂ ਲੰਬੇ ਸਮੇਂ ਤੋਂ ਛੁਟਕਾਰਾ ਭਾਲਦੇ ਸਨ। ਉਹ ਉਥੇ ਚਾਰ ਸੌ ਸਾਲਾਂ ਤੋਂ ਰਹਿ ਰਹੇ ਹਨ।

15 ਫੇਰ ਇੱਕ ਦਿਨ, ਜੰਗਲ ਵਿਚੋਂ ਦਗੜ—ਦਗੜ ਕਰਦਾ ਇੱਕ ਨਬੀ ਜਿਸ ਉੱਪਰ ਇੱਕ—ਇੱਕ ਰੋਸ਼ਨੀ ਸੀ ਆਇਆ। ਅਤੇ ਉਸਨੇ ਉਹਨਾਂ ਨੂੰ ਦੱਸਿਆ, "ਉੱਥੇ ਇੱਕ ਧਰਤੀ ਹੈ ਜਿਸ ਵਿਚ ਦੁੱਧ ਅਤੇ ਸ਼ਹਿਦ ਵਾਧੂ ਹੈ, ਅਤੇ ਖੁਦਾ ਨੇ ਉਹਨਾਂ ਨੂੰ ਦੇ ਦਿੱਤੀ ਹੈ।" ਅਤੇ ਉਸਨੇ ਅਜੀਬ ਨਿਸ਼ਾਨ ਅਤੇ ਅਚੰਬੇ ਕੰਮ ਕਰਕੇ ਵਿਖਾ ਦਿੱਤੇ ਕਿ ਉਹ ਇੱਕ ਫੋਕਾ ਨਹੀਂ ਸੀ। ਪਰ ਉਹ ਨੂੰ ਮਕੰਮਲ ਢੰਗ ਨਾਲ ਉਸ ਧਰਤੀ ਦੇ ਵਾਸੀਆਂ ਨਾਲ ਗੱਲ ਕਰਨ ਲਈ ਖੁਦਾ ਨੇ ਅਖਤਿਆਰ ਦਿੱਤਾ ਹੋਇਆ ਸੀ।

16 ਹੁਣ ਇਸ ਬਾਰੇ ਸੋਚੋ, ਉਹਨਾਂ ਦੇ ਬੱਚਿਆਂ ਵਿਚੋਂ ਇੱਕ ਨੂੰ ਮਾਰਨਾ ਹੋਵੇ, ਗੁਲਾਮਾਂ ਦੇ ਹੁਕਮਰਾਨ ਆਉਂਦੇ, ਬੱਸ ਇਹ ਸਭ ਠੀਕ ਹੀ ਸੀ, ਕੁਝ ਵੀ ਆਖਿਆ ਨਹੀ ਸੀ ਜਾ ਸੱਕਦਾ। ਤੁਹਾਡੀ ਨੌਜਵਾਨ ਬੇਟੀ ਨੂੰ ਕਿਸੇ ਦੀ ਬਰਬਾਦੀ ਲਈ ਲੈ ਜਾਂਦੇ, ਕਿਉਂ ਕੁਝ ਆਖਿਆ ਨਹੀਂ ਸੀ ਜਾ ਸੱਕਦਾ, ਬਸ ਉੱਥੇ ਖੜ੍ਹੇ ਹੀ ਰਹਿਣਾ ਪੈਂਦਾ ਅਤੇ ਲੜਕੀ ਨੂੰ ਜਾਣ ਦੇਣਾ ਪੈਂਦਾ। ਸਮਝੇ? ਤੁਹਾਡੇ ਲੜਕੇ ਨੇ ਕਿਸ ਤਰ੍ਹਾਂ ਦਾ...ਕੰਮ ਠੀਕ ਨਾ ਕੀਤਾ ਹੁੰਦਾ, ਉਹ ਇਸ ਲਈ ਵੀ ਉਸ ਨੂੰ ਮਾਰ ਦੇਣਾ ਚਾਹੁੰਦੇ, ਇਹ ਸਭ ਸਹੀ ਸੀ, ਕੁਝ ਵੀ ਨਹੀ ਸੀ ਆਖਿਆ ਜਾ ਸਕਦਾ।

17 ਪਰ ਹੁਣ ਉਹਨਾਂ ਨੂੰ ਦੱਸਿਆ ਗਿਆ ਸੀ, ਕਿ ਉਹ ਇਸ ਗੁਲਾਮੀ ਵਿਚੋਂ ਬਾਹਰ ਆ ਰਹੇ ਹਨ, ਅਤੇ ਉਹ ਇੱਕ ਅਜਿਹੀ ਧਰਤੀ ਤੇ ਜਾ ਰਹੇ ਹਨ। ਜੋ ਦੁੱਧ ਅਤੇ ਸ਼ਹਿਦ ਨਾਲ ਭਰੀ ਹੋਈ ਹੈ। ਉਹ ਆਪਣੀ ਖੇਤੀ ਆਪ ਕਰ ਸਕਦੇ ਹਨ। ਉਹ ਆਪਣਾ ਅਨਾਜ ਆਪ ਲਾ ਸਕਦੇ ਹਨ। ਆਪਣੇ ਬੱਚਿਆਂ ਨੂੰ ਖਿਲਾ ਸੱਕਦੇ ਹਨ, ਸਕੂਲ ਭੇਜ ਸੱਕਦੇ ਹਨ, ਸ਼ਾਂਤੀ ਵਿਚ ਰਹਿ ਸਕਦੇ ਹਨ ਅਤੇ ਮਹਾਨ ਧਰਤੀ ਅਤੇ ਇਹ ਉਹਨਾਂ ਦੀ ਸੀ। ਤੁਸੀਂ ਜਾਣਦੇ ਉਹ ਇੱਕ ਵੱਡਾ ਫਾਇਦਾ ਸੀ। ਸੋਚੋ ਉਹ ਦਾ ਕੀ ਮਤਲਬ ਸੀ।

18 ਠੀਕ ਹੈ, ਇਸ ਨਬੀ ਨੇ ਉਹਨਾਂ ਵਿਚਕਾਰ ਇੰਨੇ ਵੱਧ ਅਜੀਬ ਕੰਮ ਕਰ ਵਿਖਾਏ ਜਦ ਤੱਕ ਉਹਨਾਂ ਵੇਖ ਨਾ ਲਿਆ ਕਿ—ਕਿ ਅਸਲ ਵਿਚ ਉਹ ਖੁਦਾ ਦਾ ਭੇਜਿਆ ਮਨੁੱਖ ਹੈ, ਖੈਰ ਉਹ ਬਾਹਰ ਨਿਕਲੇ, ਬਾਹਰ ਜੰਗਲ ਵਿਚ ਨਿਕਲ ਆਏ।

19 ਅਤੇ ਜਦ ਉਹ ਕਾਦੇਸ਼ ਬਰਨੀਆਂ ਦੇ ਥਾਂ ਤੇ ਪਹੁੰਚੇ, ਹੁਣ ਕਾਦੇਸ਼ ਬਰਨੀਆਂ ਨਿਆਂ ਦੀ ਜਗ੍ਹਾ ਹੈ, ਇਹ ਉਸ ਦਿਨ ਤੇ ਉਸ ਵੇਲੇ ਦੇ ਸੰਸਾਰ ਲਈ ਕਾਦੇਸ਼ ਬਰਨੀਆਂ ਸੀ, ਇਹ ਸਥਾਨ ਇੱਕ ਵੱਡੇ ਚਸ਼ਮੇਂ ਦਾ ਸਥਾਨ ਸੀ, ਅਤੇ ਕਈ ਛੋਟੇ ਚਸ਼ਮੇਂ ਇਸ ਚਸ਼ਮੇਂ ਦੇ ਅੰਦਰ ਆ ਰਲਦੇ ਸਨ।

20 ਖੈਰ, ਉਹਨਾਂ ਵਿਚਕਾਰ ਇੱਕ ਆਦਮੀ ਮਹਾਨ ਯੋਧਾ ਸੀ, ਜਿਸ ਦਾ ਨਾਮ ਯਹੋਸ਼ੁਆ ਸੀ। ਯਹੋਸ਼ੁਆ ਦਾ ਮਤਲਬ ਹੈ, "ਯਹੋਵਾਹ ਬਚਾਉਣ ਵਾਲਾ" । ਅਤੇ ਯਹੋਸ਼ੁਆ ਵਾਇਦੇ ਵਾਲੀ ਧਰਤੀ ਤੇ ਗਿਆ।

21 ਹੁਣ ਯਾਦ ਕਰੋ, ਉਹਨਾਂ ਵਿਚੋਂ ਉਥੇ ਕੋਈ ਕਦੇ ਵੀ ਨਹੀ ਸੀ ਗਿਆ। ਉਹ ਨਹੀ ਸੀ ਜਾਣਦੇ ਕਿ ਉਹ ਧਰਤੀ ਅਸਲ ਵਿੱਚ ਉੱਥੇ ਹੈ ਕਿ ਨਹੀ। ਉਹ ਸਿਰਫ ਨਿਹਚਾ ਨਾਲ ਜੋ ਉਹਨਾਂ ਨੂੰ ਦੱਸਿਆ ਗਿਆ ਸੀ ਕਿ ਖੁਦਾ ਪਾਸ ਉਹਨਾਂ ਲਈ ਧਰਤੀ ਹੈ, ਚਲੇ ਗਏ। ਅਤੇ ਉਹ ਕੇਵਲ ਨਿਹਚਾ ਰਾਹੀਂ ਉਸ ਰਾਹ ਵੱਲ ਜਾ ਰਹੇ ਸਨ। ਹੁਣ ਉਸ ਬਾਰੇ ਸੋਚੋ। ਮਿਸਰ ਛੱਡ ਦਿੱਤਾ, ਖੁਦਾ ਉਹਨਾਂ ਨੂੰ ਕੱਢ ਲਿਆਇਆ, ਅਤੇ ਉਹ ਹੁਣ ਉਸ ਧਰਤੀ ਦੇ ਨੇੜੇ ਸਨ। ਅਤੇ ਜਦ ਇਹ ਧਰਤੀ ਦੇ ਨੇੜੇ ਪਹੁੰਚੇ, ਯਹੋਸ਼ੁਆ ਉੱਪਰ ਨੂੰ ਚੜ ਕੇ ਜਾਂਦਾ ਹੈ ਅਤੇ ਸਬੂਤ ਲੈ ਆਉਂਦਾ ਹੈ। ਯਰਦਨ ਪਾਰ ਕਰਕੇ ਫਲਸ਼ਤੀਨ ਉੱਤੇ ਜਾ ਕੇ ਸਬੂਤ ਲਿਆਉਂਦਾ ਹੈ। ਅੰਗੂਰਾਂ ਦਾ ਵੱਡਾ ਗੁੱਛਾ ਜੋ ਦੋ ਮਨੁੱਖ ਚੁੱਕ ਕੇ ਲੈ ਆਏ। ਅਤੇ ਉਹਨਾਂ ਨੇ ਉਹਨਾਂ ਅੰਗੂਰਾਂ ਨੂੰ ਖਾਧਾ। ਅਤੇ ਉਸਨੇ ਦੱਸਿਆ, "ਧਰਤੀ ਠੀਕ ਉਸ ਤਰ੍ਹਾਂ ਦੀ ਹੈ ਜੋ ਖੁਦਾ ਨੇ ਦੱਸਿਆ ਸੀ।"

22 ਓਹ, ਉਹ ਕਿਸ ਤਰ੍ਹਾਂ ਦੀ ਅਜਾਦੀ ਸੀ। ਹੁਣ ਉਹ ਕਿੱਥੇ ਜਾ ਸਕਦੇ ਸਨ। ਅਤੇ ਉਹ ਆਪਣੀ ਖੇਤੀ ਆਪ ਕਰ ਸਕਦੇ ਸਨ, ਅਤੇ ਆਪਣੇ ਬੱਚਿਆਂ ਨੂੰ ਖਿਲਾ ਸੱਕਦੇ ਸਨ। ਅਤੇ ਪਾਉਂਦੇ...ਅਤੇ ਖੁਦਾ ਦੀਆਂ ਅਸ਼ੀਸ਼ਾਂ ਉਹਨਾਂ ਤੇ, ਅਤੇ ਸ਼ਾਂਤੀ ਅੰਦਰ ਰਹਿਣ। ਉੱਥੇ ਕੋਈ ਵੀ ਗੁਲਾਮ ਨਾ ਸੀ। ਕਿਸ ਪ੍ਰਕਾਰ... ਪਰ, ਅੰਤ ਤੇ, ਉਹਨਾਂ ਦੇ ਜੀਵਨ ਬਿਤਾਉਣ ਤੋਂ ਬਾਅਦ, ਇੱਕ ਲੰਬੇ ਜੀਵਨ ਤੋਂ ਬਾਅਦ ਅੰਤ ਤੇ ਮਰਨਾ ਹੀ ਸੀ, ਤਾਂ ਵੀ ਖੁਦਾ ਦੇ ਬੱਚੇ ਹੁੰਦੇ ਹੋਏ। ਇਸ ਤਰ੍ਹਾਂ ਸਾਲੋ—ਸਾਲ ਹੁੰਦਾ ਗਿਆ, ਉਹ ਆਪਣੀ ਫਸਲ ਉਗਾਉਂਦੇ ਗਏ, ਅਤੇ ਆਪਣੇ ਪਰਿਵਾਰਾਂ ਅੰਦਰ ਵਧੀਆ ਜੀਵਨ ਗੁਜਾਰਨ ਅਤੇ ਬਾਅਦ ਵਿੱਚ ਮਰਨ।

23 ਅਤੇ ਅਤੇ ਫੇਰ, ਇੱਕ ਦਿਨ ਪ੍ਰਭੂ ਯਿਸੂ, ਖੁਦਾ ਦਾ ਪੁੱਤ ਸਭ ਤੋਂ ਮਹਾਨ ਯੋਧਾ ਹੇਠਾਂ ਉੱਤਰ ਆਇਆ ਅਤੇ ਉਸਨੇ ਆਖਿਆ, "ਉੱਥੇ ਇੱਕ ਧਰਤੀ ਹੈ ਜਿਥੇ ਇਕ ਮਨੁੱਖ ਨਹੀ ਮਰਦਾ। ਮੇਰੇ ਪਿਤਾ ਦੇ ਘਰ ਵਿਚ ਬਹੁਤ ਮਕਾਨ ਹਨ। ਜੇਕਰ ਨਾ ਹੁੰਦੇ ਤਾਂ ਮੈਂ ਤੁਹਾਨੂੰ ਦੱਸ ਦਿੰਦਾ। ਮੈਂ ਜਾ ਕੇ ਇੱਕ ਸਥਾਨ ਤਿਆਰ ਕਰਦਾ ਹਾਂ ਅਤੇ ਆ ਕੇ ਤੁਹਾਨੂੰ ਨਾਲ ਲੈ ਜਾਵਾਂਗਾ।" ਹੁਣ ਉਹ

ਨਬੀ ਜੋ ਆਇਆ, ਖੁਦਾ ਸੀ ਜੋ ਯਰਦਨ ਤੋਂ ਪਾਰ, ਮੌਤ ਵਾਲੀ ਇੱਕ ਧਰਤੀ ਵਾਲੀਆਂ ਗੱਲਾਂ ਬਾਰੇ ਦੱਸਦਾ ਸੀ। ਜਿਸ ਥਾਂ ਤੇ ਚਾਹੇ ਉਥੇ ਤੁਹਾਡੇ ਖੇਤ ਹਨ, ਤੁਹਾਡੇ ਪਾਸ ਪਰਿਵਾਰ ਹਨ, ਤੁਹਾਡੇ ਤੇ ਖੁਦਾ ਦੀ ਆਸ਼ੀਸ਼ ਹੈ, ਪਰ ਤਾਂ ਵੀ ਤੁਸੀਂ ਮਰਨਾ ਹੀ ਹੈ। ਪਰ ਉਸ ਪਾਰ ਫਿਰ ਵੀ ਇੱਕ ਧਰਤੀ ਹੈ, ਜਿਸ ਥਾਂ ਤੁਸੀਂ ਨਹੀ ਮਰਦੇ ਹੋ। ਓਹ ਮੇਰਿਆ!

24 ਫਿਰ ਉਹ ਦੁਬਾਰਾ ਕਾਦੇਸ਼ ਬਰਨੀਆਂ ਨੂੰ ਆਇਆ, ਜੋ ਕੀ ਕਲਵਰੀ ਦੇ ਨਿਆਂ ਵਾਲੀ ਥਾਂ ਹੈ, ਜਿਥੇ ਕਿ ਪਾਪ ਦੀ ਮੌਤ ਮਨੁੱਖਾਂ ਨੂੰ ਮਾਰ ਦੇਣ ਦਾ ਦੰਡ ਬਣੀ, ਇਹ ਕਾਦੇਸ਼ ਬਰਨੀਆਂ ਤੇ ਨਿਆਂ ਬਣ ਕੇ ਆ ਮਿਲੀ। ਉਸਨੇ ਪਾਪ ਦਾ ਦੰਡ ਭਰ ਦਿੱਤਾ, ਉਹ ਯਰਦਨ ਵਾਲੀ ਮੌਤ ਯਰਦਨ ਤੋਂ ਪਾਰ ਮਰ ਗਿਆ, ਅਤੇ ਤੀਸਰੇ ਦਿਨ ਜੀ ਉੱਠਿਆ, ਵਾਪਿਸ ਆ ਰਿਹਾ ਹੈ। ਉਸ ਆਖਿਆ, "ਮੈਨੂੰ ਟੋਹ ਕੇ ਵੇਖੋ, ਇਕ ਆਤਮਾ ਹੱਡੀ ਅਤੇ ਮਾਸ ਨਹੀ ਹੁੰਦਾ, ਜਿਸ ਤਰ੍ਹਾਂ ਮੈਂ ਹਾਂ। ਕੁਝ ਖਾਣ ਲਈ ਦਿਓ।" ਉਸਨੇ ਰੋਟੀ ਅਤੇ ਮੱਛੀ ਖਾਧੀ। ਅਤੇ ਉਹ ਉਹਨਾਂ ਨਾਲ ਚਾਲੀ ਦਿਨ ਰਿਹਾ, ਯਹੋਸ਼ੁਆ ਵਾਂਗ ਸਬੂਤ ਦਿੱਤਾ, ਕਿ ਉੱਥੇ ਉਹ ਧਰਤੀ ਹੈ। ਉਹ ਆਪ ਉਸ ਧਰਤੀ ਦੇ ਉੱਥੇ ਹੋਣ ਦਾ ਸਬੂਤ ਸੀ।

25 ਹੁਣ ਉਸਨੇ ਆਖਿਆ, "ਸਭ ਜੋ ਇਸਤੇ ਨਿਹਚਾ ਕਰਨਗੇ, ਸਾਰੇ ਸੰਸਾਰ ਵਿਚ ਜਾਓ, ਸਾਰੀ ਦੁਨੀਆਂ ਨੂੰ ਸੁਸਮਾਚਾਰ ਸੁਣਾਓ। ਉਹ ਜੋ ਨਿਹਚਾ ਕਰੇ ਅਤੇ ਬਪਤਿਸਮਾ ਲਵੇ ਉਹ ਬਚਾਇਆ ਜਾਵੇਗਾ। ਜੋ ਨਿਹਚ ਨਹੀ ਕਰੇਗਾ ਦੋਸ਼ੀ ਠਹਿਰਾਇਆ ਜਾਏਗਾ।"

26 ਫਿਰ, ਪੈਂਤੀਕਾਸਟ ਦੇ ਦਿਨ ਨੂੰ ਉਸ ਨੇ ਇਸ ਜਗ੍ਹਾ ਦੀ ਸਾਈ ਵਾਪਿਸ ਭੇਜ ਦਿੱਤੀ, ਨਿਹਚਾ ਵਾਲਾ ਸਬੂਤ ਕਿ ਇਹ ਧਰਤੀ ਅਸਲ ਵਿਚ ਹੈ। ਬਸ ਜਿਸ ਤਰ੍ਹਾਂ ਯਹੋਸ਼ੁਆ ਸਬੂਤ ਲੈ ਆਇਆ, ਯਿਸੂ ਪਵਿੱਤਰ ਆਤਮਾ ਦਾ ਸਬੂਤ ਲੈ ਆਇਆ।

27 ਹੁਣ, ਅਸੀਂ ਆਪਣੇ ਆਪ ਨੂੰ ਮੁਰਦੇ ਸਮਝਦੇ ਹਾਂ। ਅਸੀਂ ਬਪਤਿਸਮੇ ਦੇ ਰਾਹੀਂ ਉਸਦੀ ਮੌਤ ਵਿਚ ਦਫ਼ਨਾਏ ਗਏ ਹਾਂ।

28 ਅਤੇ ਅਸੀਂ ਉਸ ਦੇ ਜੀ ਉਠਣ ਦੇ ਰਾਹੀਂ ਉਸ ਨਾਲ ਜਿਉਂਦੇ ਹਾਂ, ਅਤੇ ਅਸੀਂ ਪਹਿਲਾਂ ਹੀ ਇਹ ਨਹੀ ਕਿ ਅਸੀਂ ਹੋਣ ਜਾ ਰਹੇ ਹਾਂ, ਅਸੀਂ ਪਹਿਲਾਂ ਹੀ ਜਿੰਦੇ ਕੀਤੇ ਜਾ ਚੁੱਕੇ ਹਾਂ। ਹੇ, ਮੇਰੇ ਪ੍ਰਭੂ! ਅਤੇ ਅਸੀਂ ਹੁਣੇ ਇਸ ਰਾਤ ਯਿਸੂ ਮਸੀਹ ਵਿਚ ਅਸਮਾਨੀ ਸਥਾਨ ਵਿਚ ਹਾਂ, ਇਹ ਨਹੀ ਕਿ ਹੋਵਾਂਗੇ (ਠੀਕ ਹੈ?) ਅਸੀਂ ਹੋਵਾਂਗੇ ਨਹੀ ਕਿਸੇ ਹੋਰ ਸਮੇਂ, ਅਸੀਂ ਹੁਣੇ ਹੀ ਹਾਂ। ਕਲੀਸਿਯਾ ਪਹਿਚਾਣਦੀ ਨਹੀ ਕਿ ਉਹ ਕੌਣ ਹੈ। ਸਮਝੇ? ਅਸੀਂ ਹੁਣੇ ਹੀ ਠੀਕ ਇਸੇ ਮਿੰਟ

ਤੇ, (ਕਿਵੇਂ?) ਮਸੀਹ ਯਿਸੂ ਅੰਦਰ ਖੁਦਾ ਵਿਚ ਇਕੱਠੇ ਕੀਤੇ ਗਏ ਹਾਂ, ਪਹਿਲਾਂ ਹੀ ਮੁਰਦਿਆਂ ਵਿਚੋਂ ਜਿਉਂਦੇ ਹੋ ਚੁਕੇ ਹਾਂ। ਸਾਡੀਆਂ ਰੂਹਾਂ ਅਮਰ ਹਨ।

29 ਇੱਕ ਵਾਰ ਫਿਰ ਆਓ ਅਸੀਂ ਹੁਣ ਇੱਕ ਮਿੰਟ ਲਈ ਇੱਥੇ ਰੁਕੀਏ, ਅਸੀਂ ਝੂਠ ਬੋਲਿਆ, ਚੋਰੀ, ਠੱਗਣਾ, ਲਾਹਣਤ ਦੇਣੀ, ਅਤੇ ਹਰ ਸਭ ਕੁਝ ਕੀਤਾ। ਅਤੇ ਫਿਰ ਅਸੀਂ ਸਾਰੇ ਪਾਪਾਂ ਦਾ ਇਕਰਾਰ ਕੀਤਾ। ਅਤੇ ਫਿਰ ਅਸੀਂ ਬਪਤਿਸਮੇ ਰਾਹੀਂ ਉਸ ਦੇ ਨਾਲ ਦੱਬੇ ਗਏ। ਅਤੇ ਉਸੇ ਦੇ ਸੰਗ ਜੀ ਉੱਠੇ। ਅਤੇ ਜਦ ਅਸੀਂ ਉਤਾਂਹ ਆਏ…"ਤੁਸੀਂ ਹਰੇਕ ਤੌਬਾ ਕਰੋ ਆਪੋ—ਆਪਣੇ ਪਾਪਾਂ ਲਈ ਬਪਤਿਸਮਾ ਲਵੋ ਅਤੇ ਤੁਸੀਂ ਸਬੂਤ ਪ੍ਰਾਪਤ ਕਰੋਗੇ।" ਵਧੀਆ ਧਰਤੀ ਦਾ ਸਬੂਤ ਅਤੇ ਫਿਰ ਜੋ ਆਤਮਾ ਸਾਡੇ ਉੱਪਰ ਆਉਂਦਾ ਹੈ। ਬਾਹਰ ਲੈ ਆਉਂਦਾ ਹੈ। ਅਤੇ ਹੁਣ ਸਾਨੂੰ ਝੂਠ ਬੋਲਣ ਚੋਰੀ ਕਰਨ ਅਤੇ ਪਿਛਲੇ ਸਾਰੇ ਕੁਕਰਮਾਂ ਵਿਚੋਂ ਬਾਹਰ ਲੈ ਆਉਂਦਾ ਹੈ, ਅਤੇ ਹੁਣ ਅਸੀਂ ਉਸੇ ਦੇ ਨਾਲ ਜਿਉਂਦੇ ਕੀਤੇ ਗਏ ਹਾਂ, ਉਸੇ ਵਿਚ *ਇਥੇ* ਸੁਰਗੀ ਸਥਾਨ ਵਿਚ ਬੈਠੇ ਹੋਏ ਹਾਂ। ਸਚਾਈ ਨਾਲ ਸਾਡੀਆਂ ਰੂਹਾਂ ਤਿਆਰ ਹਨ।

30 ਕਿਉਂ, ਵਿਲੀਅਮ ਬ੍ਰਾਨਹਮ ਕਿਉਂ ਕੋਈ ਤੀਹ ਕੁ ਸਾਲਾਂ ਅੰਦਰ ਮਰਿਆ ਰਿਹਾ। ਮੈ ਇੱਕ ਨਵੀਂ ਸ੍ਰਿਸ਼ਟੀ ਬਣਿਆ। ਪੁਰਾਣਾ ਮਨੁੱਖ ਮਰ ਗਿਆ, ਮੈਂ ਪਿਛਾਂਹ ਨੂੰ ਝਾਤੀ ਮਾਰ ਕੇ ਵੇਖਦਾ ਹਾਂ, ਅੱਜ ਦੁਪਿਹਰ ਤੋਂ ਬਾਅਦ ਆਪਣੇ ਉਸ ਮਿੱਤਰ ਨਾਲ ਗੱਲ ਕਰਦਿਆਂ, ਉਹ ਬੋਲਿਆ, "ਤੈਨੂੰ ਯਾਦ ਹੈ ਜਦ ਅਸੀਂ *ਉਹ*—*ਉਹ* ਕੰਮ ਕੀਤੇ? ਯਾਦ ਹੈ ਅਸੀਂ ਉਸ ਲੜਕੇ ਨੂੰ ਉਸ ਰਾਤ ਘਰਾੜੇ ਮਾਰਦੇ ਨੂੰ ਪਾਣੀ ਵਿਚ ਸੁੱਟ ਦਿੱਤਾ।"

ਮੈਂ ਕਿਹਾ, "ਹਾਂ, ਮੈਂ ਫਿਰ ਨਹੀ ਕਰਾਂਗਾ।" ਸਮਝੇ?

31 ਉਸ ਸਮੇਂ ਮੈਨੂੰ ਯਾਦ ਕਰੋ ਅਸੀਂ ਉਹ ਪੀਣ ਉਸ ਡੱਡੂ ਦੇ ਖੋਬਣ ਜਾ ਰਹੇ ਸਾਂ, ਅਤੇ ਜਦ ਉਹ 'ਗੁਰਰ' ਕਰ ਰਿਹਾ ਸੀ ਇਸ ਅਤੇ *ਉਸ* ਪ੍ਰਕਾਰ?

"ਹਾਂ," ਮੈਂ ਆਖਿਆ, "ਉਹ ਯਾਦ ਕਰੋ।"

32 ਇਹ ਸਾਰੀਆਂ ਗੱਲਾਂ ਜੋ ਅਸੀਂ ਕੀਤੀਆਂ! ਮੈਂ ਸੋਚਿਆ, "ਤੁਸੀਂ ਜਾਣਦੇ ਹੋ, ਇਹ ਉਸ ਸਮੇਂ ਜਦ ਮੈਂ— ਇਹ ਉਸ ਸਮੇਂ ਹੋਇਆ…ਜਦ ਮੈਂ ਮੁਰਦਾ ਸਾਂ। ਸਮਝੇ? ਪਰ ਹੁਣ ਮੈਂ ਜਿਉਂਦਾ ਹਾਂ।" ਸਮਝ ਗਏ? ਆਹ, ਮੈਂ ਹੁਣ ਉਹ ਕੰਮ ਨਹੀ ਕਰਦਾ ਹਾਂ।

33 ਅਸੀਂ ਮਸੀਹ ਯਿਸੂ ਵਿਚ ਸਵਰਗੀ ਸਥਾਨ ਅੰਦਰ ਬੈਠੇ ਹਾਂ ਅਤੇ ਹੁਣ ਸੇ ਪਾਸ ਪਹਿਲਾ ਭੁਗਤਾਨ ਮੁਕਤੀ ਦੀ ਸੀ ਹੈ। ਜਿਸ ਚੀਜ਼ ਦਾ ਮੁੱਲ ਦਸ ਹਜਾਰ ਡਾਲਰ ਹੈ ਅਤੇ ਉਸਨੇ ਪਹਿਲਾ ਸਾਨੂੰ ਹਜ਼ਾਰ ਦਿੱਤਾ ਹੈ, ਸਮਝੇ? ਇਹ ਦੱਸ ਦਾ ਪਹਿਲਾ ਭਾਗ ਹੈ ਜੋ ਸਾਡੀ ਸਾਈ ਬਣਦਾ ਹੈ, ਅਸੀਂ, ਪਹਿਲਾ ਹੀ

ਪਾਪ ਅਤੇ ਬੇਪ੍ਰਤੀਤੀ ਵਿਚੋਂ ਜਿਉਂਦੇ ਹੋ ਚੁੱਕੇ ਹਾਂ, ਮਸੀਹ ਨਾਲ ਜੀ ਉੱਥੇ ਕੇ ਉੱਪਰ ਜਾ ਚੁੱਕੇ ਹਾਂ। ਅਤੇ ਹੁਣ ਸਬੂਤ ਨਾਲ ਯਹੋਸ਼ੁਆ ਵਾਂਗ ਜੋ ਸਬੂਤ ਲੈ ਕੇ ਆਇਆ ਸੀ ਕਿ ਧਰਤੀ ਉਥੇ ਹੈ, ਮਸੀਹ ਵਿਚ ਸੁਰਗਿ ਸਥਾਨਾਂ ਅੰਦਰ ਬੈਠੇ ਹਾਂ। ਅਸੀਂ ਆਪਣੇ ਰਾਹ ਤੇ ਜਾ ਰਹੇ ਹਾਂ, ਕੋਈ ਅੱਗੇ ਮੌਤ ਨਹੀ ਹੈ। ਮਰ ਨਹੀਂ ਸਕਦੇ।

34 ਕਿਸੇ ਸਮੇਂ, ਉਹ ਤੁਹਾਨੂੰ ਦਸਦੇ ਹਨ, "ਭਾਈ ਬ੍ਰਾਨਹਮ ਮਰ ਗਿਆ ਹੈ," ਤੁਸੀਂ ਉਸ ਗੱਲ ਦੀ ਨਿਹਚਾ ਨਾ ਕਰੋ। ਕਿਉਂ? ਭਾਈ ਬ੍ਰਾਨਹਮ ਨਹੀ ਮਰ ਸਕਦਾ। ਸਮਝੇ? ਇਹ ਗੱਲ ਸਹੀ ਹੈ। ਮੈਂ ਨਹੀ ਮਰ ਸਕਦਾ। ਮਰਿਆ ਹੋਇਆ ਹੈ। ਹੁਣ, ਵਿਲੀਅਮ ਬ੍ਰਾਨਹਮ ਇੱਕ ਲੰਬੇ ਸਮੇਂ ਪਹਿਲਾਂ ਤੋਂ, ਤੀਹ ਕੁ—ਸਾਲ ਪਹਿਲਾਂ ਦਾ ਹੀ ਮਰ ਚੁੱਕਾ ਹੈ, ਜਾਂ ਵਧੀਆ ਹੋਰ, ਬੱਤੀ ਸਾਲ ਪਹਿਲਾਂ ਦਾ। ਮੈਨੂੰ ਪ੍ਰਚਾਰ ਕਰਦੇ ਲਗਭਗ ਬੱਤੀ ਕੁ ਸਾਲ ਹੋਏ ਹਨ, ਇਸ ਲਈ ਉਹ ਉਸ ਤੋਂ ਪਹਿਲਾਂ ਦਾ ਮਰ ਚੁੱਕਾ ਹੈ। ਹੁਣ ਉਹ ਤਾਂ ਇੱਕ ਨਵੀਂ ਰਚਨਾ ਹੈ।

35 ਰਸਲ ਕਰੀਚ ਇਕ ਨਵੀਂ ਰਚਨਾ ਹੈ। ਉਹ ਉਹੋ ਛੋਟਾ ਲੜਕਾ ਨਹੀਂ ਹੈ ਜੋ ਕੋਰੀਡੋਨ ਵੱਲ ਹੇਠਾਂ ਨੂੰ ਜਾਇਆ ਕਰਦਾ ਸੀ। ਅਤੇ—ਅਤੇ ਭਾਈ ਰਦੈਲ ਉਹੀ ਛੋਟਾ ਲੜਕਾ ਨਹੀ ਹੈ ਜੋ ਹੋਇਆ ਕਰਦਾ ਸੀ, ਤੁਸੀਂ ਜਾਣਦੇ ਹੋ, ਅਤੇ—ਅਤੇ ਭਾਈ ਜੈਕਸਨ, ਅਤੇ ਹੋਰ ਇਹ ਸਭ, ਉਹੀ—ਉਹੀ ਨਹੀ ਹਨ। ਤੁਸੀਂ ਸਭ ਭਇਓ ਅਤੇ ਭੈਣੋ ਤੁਸੀਂ ਉਹੀ ਲੋਕ ਨਹੀ ਰਹੇ ਜੋ ਹੁੰਦੇ ਸੀ। ਅਸੀਂ ਨਵੀ—ਨਵੀਂ ਰਚਨਾ ਹਾਂ ਅਤੇ ਅਸੀਂ ਨਵੀ ਸ੍ਰਿਸ਼ਟੀ ਹਾਂ। ਤੁਹਾਨੂੰ ਇਸ ਬਾਰੇ ਘਬਰਾਉਣ ਦੀ ਲੋੜ ਨਹੀ ਹੈ। ਅਸੀਂ ਅਗੇਤ੍ਰੇ *ਇਥੇ* ਉੱਪਰ ਆ ਚੁੱਕੇ ਹਾਂ। ਧਿਆਨ ਦਿਓ ਅਸੀਂ ਹੁਣ ਕਿਸ ਥਾਂ ਤੇ ਆ ਚੁਕੇ ਹਾਂ। "ਮਸੀਹ ਯਿਸੂ ਅੰਦਰ ਨਵੀਂ ਰਚਨਾ ਬਣ ਚੁੱਕੇ ਹਾਂ।" ਓਹ, ਠੀਕ ਹੈ!

36 ਹੁਣ ਤੁਸੀਂ ਜਾਣਦੇ ਹੋ, ਰਸਲ, ਮੈਂ ਮਹਿਸੂਸ ਕਰਦਾ ਹਾਂ ਮੈਂ ਹਰ ਸਮੇਂ ਵੱਧ ਤੋਂ ਵੱਧ ਉਹੀ ਗੀਤ ਗਾ ਸਕਦਾ ਹਾਂ ਜੋ ਮੈਂ ਸੁਣਦਾ ਹਾਂ, ਮੈਂ ਤੇਰੇ ਬਾਰੇ ਅਤੇ ਭੈਣ ਕਰੀਚ ਬਾਰੇ ਸੋਚਦਾ ਹਾਂ।

> ਮੈਂ ਉੱਡ ਕੇ ਚਲਾ ਜਾਵਾਂਗਾ, ਓਹ ਮਹਿਮਾ,
> ਮੈਂ ਉੱਡ ਕੇ ਚਲਾ ਜਾਵਾਂਗਾ, ਸਵੇਰ ਵੇਲੇ।

ਹਾਂ ਸ਼੍ਰੀਮਾਨ ਜੀ! ਯਾਦ ਰਹੇ ਉਹ ਅਸੀਂ ਗਾਇਆ ਕਰਦੇ ਸਾਂ?

> ਜਦ ਮੈਂ ਮਰਾਂਗਾ, ਹਾਲੇਲੂਯਾਹ, ਵਾਰੀ ਅਤੇ ਵਾਰੀ
> ਮੈਂ ਉੱਡ ਕੇ ਚਲਾ ਜਾਵਾਂਗਾ।

37 ਮੈਂ ਉਹ ਪਸੰਦ ਕਰਦਾ ਹਾਂ। ਅਤੇ ਜਿਸ ਤਰ੍ਹਾਂ ਅਸੀਂ ਬੁੱਢੇ ਹੋਣਾ ਸ਼ੁਰੂ ਕਰਦੇ ਹਾਂ, ਅਤੇ ਵਾਲ ਸਫੇਦ ਹੋ ਰਹੇ ਹਨ, ਮੋਢੇ ਢਿਲਕ ਰਹੇ ਹਨ, ਉਹ ਦਾ ਕੇਵਲ

ਸਾਡੇ ਲਈ ਪਹਿਲਾਂ ਨਾਲੋਂ ਵੀ ਵੱਧ ਸਮਝਣ ਦਾ ਮਤਲਬ ਹੈ। ਤੁਸੀਂ ਸਮਝੇ? ਕਿਉਂ, ਜੋ ਇੱਕ ਬੱਚਾ ਅੱਗੇ ਵੱਲ ਵੇਖਦਾ ਹੈ: ਉਹ ਕਿਸ ਨਾਲ ਸ਼ਾਦੀ ਕਰੇਗਾ, ਉਹ ਆਪਣੇ ਬੱਚਿਆਂ ਨੂੰ ਕਿਸ ਤਰ੍ਹਾਂ ਦੀ ਵਿਦਿਆ ਦੇਵੇਗਾ? ਅਤੇ ਇਹ ਸਭ ਪੂਰਾ ਹੋ ਚੁਕਾ ਹੈ, ਫਿਰ ਜਦੋਂ ਪੂਰਾ ਹੋਣ ਦਾ ਸਮਾਂ ਹੋ ਜਾਂਦਾ ਹੈ, ਤੁਸੀਂ ਸਮਝੋ, ਫਿਰ ਤੁਸੀਂ ਸੂਰਜ ਦੇ ਡੁਬਣ ਦੇ ਸਮੇਂ ਦੇ ਅੰਦਰ ਆ ਜਾਂਦੇ ਹੋ।

38 ਪਰ ਜਰਾ ਭਾਈ ਜੀ ਸੋਚੋ, ਉੱਥੇ ਕੁਝ ਨਹੀ ਹੈ, ਪਰ ਜੋ ਸਾਡੇ ਪਾਸ ਹੈ। ਸਾਡੇ ਪਾਸ ਪਿਆਰ ਹੈ, ਸਾਡੇ ਪਾਸ ਅਨੰਦ ਹੈ, ਸਾਡੇ ਕੋਲ ਸ਼ਾਂਤੀ ਹੈ, ਸਾਡੇ ਕੋਲ ਜੀਵਨ ਹੈ। ਸਾਡੇ ਕੋਲ ਇਹ ਸਭ ਹੈ...ਸਾਡਾ ਮੌਤ ਤੇ ਕਬਜਾ ਹੈ, ਸਹੀ ਹੈ, ਬਾਈਬਲ ਨੇ ਦੱਸਿਆ ਅਸੀਂ ਅਧਿਕਾਰ ਰੱਖਦੇ ਹਾਂ। ਸਾਡਾ ਮੌਤ ਤੇ ਅਧਿਕਾਰ ਹੈ। ਇਹੀ ਸਾਡੀ ਹੈ। ਅਸੀਂ ਇਸ ਦੇ ਕਬਜੇ ਹੇਠ ਨਹੀ ਹਾਂ, ਇਹ ਸਾਡੇ ਹੇਠ ਹੈ।

ਕਹੋ, "ਤੁਸੀਂ ਮੌਤ ਦਾ ਕੀ ਕਰਨ ਜਾ ਰਹੇ ਹੋ?"

ਬਸ ਜਿਸ ਪ੍ਰਕਾਰ ਪੌਲੁਸ ਨੇ ਆਖਿਆ ਹੈ, ਜਦ ਉਹ ਦਰਵਾਜੇ ਤੇ ਆ ਕੇ ਖੱਟਖਟਾਉਣ ਲੱਗਾ। ਬੋਲਿਆ, "ਕੀ ਤੂੰ ਦਰਿਆ ਤੋਂ ਪਾਰ ਮੇਰੀ ਸੁਰਖਿਆ ਲਈ ਆ ਪਹੁੰਚੀ ਹੈਂ?

39 ਇੱਕ ਵਾਰ ਲੇਖਕ ਨੇ ਲਿਖਿਆ, "ਖੁਦਾ ਨੇ ਮੌਤ ਨੂੰ ਬੱਗੀ ਨਾਲ ਨੱਥੀ ਕੀਤਾ ਹੈ, ਇਹ ਸਿਰਫ ਇਕ ਹੀ ਕੰਮ ਕਰ ਸਕਦੀ ਹੈ, ਤੁਹਾਨੂੰ ਖਿਚ ਕੇ ਖੁਦਾ ਦੀ ਹਜੂਰੀ ਵਿੱਚ ਲੈ ਜਾਂਦੀ ਹੈ।" ਬਸ ਇਹੀ ਸਭ ਕੁਝ ਹੈ, ਨਹੀ ਮਰ ਸਕਦੇ। ਉਹ ਬਸ ਮੌਤ ਵਾਲੀ ਬੱਗੀ ਵਿਚ ਝਟਕੇ ਨਾਲ ਖਿਚੇ ਜਾਂਦੇ ਹਨ, ਅਤੇ ਕੇਵਲ ਗੱਲ ਆਉਂਦੀ ਹੈ ਕਿ ਖਿਚ ਕੇ ਤੁਹਾਨੂੰ ਦਰਿਆ ਤੋਂ ਪਾਰ ਪਹੁੰਚਾਵੇ। ਉਹ ਸਭ ਤਾਂ ਇਹ ਕੁਝ ਹੀ ਹੈ। ਇਸ ਲਈ ਅੱਗੇ ਨੂੰ ਸਾਨੂੰ ਕੁਝ ਵੀ ਪਰੇਸ਼ਾਨ ਹੋਣ ਦੀ ਲੋੜ ਨਹੀ ਹੈ।

40 ਪੌਲੁਸ ਨੇ ਆਖਿਆ ਜਦ ਮੌਤ ਇਸ ਤਰ੍ਹਾਂ ਸਮੇਟਣ ਨੂੰ ਆਉਂਦੀ ਹੈ, ਉਸਦਾ ਸਮਾਂ ਆਉਣ ਤੇ ਉਸ ਨੇ ਆਖਿਆ, "ਹੇ ਮੌਤ ਤੇਰਾ ਡੰਕ ਕਿਥੇ ਹੈ?"

ਆਖਿਆ, "ਖੈਰ, ਮੈਂ ਤੈਨੂੰ ਕਬਰ ਅੰਦਰ ਲੈ ਜਾਂ ਲਈ ਆਈ ਹਾਂ।"

41 ਉਸ ਆਖਿਆ, "ਫਿਰ ਕਬਰ ਤੇਰੀ ਫਤਿਹ ਕਿਥੇ ਹੈ? ਮੇਰਾ ਅਧਿਕਾਰ ਤੇਰੇ ਤੇ ਵੀ ਹੈ।" ਫਿਰ ਉਸ ਨੇ ਪਰਤ ਕੇ ਆਖਿਆ, "ਖੁਦਾ ਦਾ ਧੰਨਵਾਦ ਹੋਵੇ ਜੋ ਸਾਨੂੰ ਪ੍ਰਭੂ ਯਿਸੂ ਮਸੀਹ ਰਾਹੀਂ ਫਤਿਹ ਬਖਸ਼ਦਾ ਹੈ।"

ਫਿਰ ਭਾਈ ਟੈਂਪਲ ਅਸੀਂ ਇਹ ਨੂੰ ਜਿੱਤ ਲਿਆ ਹੈ। ਇਹ ਇਹੀ ਗੱਲ ਹੈ। ਇਹ ਸਭ ਬੀਤ ਚੁੱਕਾ ਹੈ।

42 ਠੀਕ, ਭੈਣ ਸਨਿਲਿੰਗ ਇੱਕ ਪੁਰਾਣਾ ਗੀਤ ਗਾਇਆ ਕਰਦੀ ਸੀ, ਮੇਰਾ ਅੰਦਾਜਾ ਨਹੀ ਕਿ ਤੁਹਾਡੇ ਵਿਚੋਂ ਕਿਸੇ ਇੱਕ ਨੂੰ ਭੈਣ ਸਨਿਲਿੰਗ ਬਾਰੇ ਯਾਦ ਹੋਵੇ। ਕਿਸੇ ਦਿਨ ਮੈਂ ਉਹਦੀ ਕਬਰ ਤੇ ਗਿਆ ਸੀ। ਉਹ ਪੈਂਤੀਕਾਸਤਲ ਦੀ ਜੁਬਲੀ ਬਾਰੇ ਥੋੜ੍ਹਾ ਗਾਉਂਦੀ ਹੁੰਦੀ ਸੀ।

ਆਓ ਅੱਗੇ ਵਧੀਏ, ਆਓ ਅੱਗੇ ਵਧੀਏ,
ਇਹ ਪਹਿਲੇ ਰਾਹ ਬਾਰੇ ਗੱਲਾਂ ਕਰਦੇ ਹੋਏ;
ਆਓ ਅੱਗੇ ਵਧੀਏ, ਆਓ ਅੱਗੇ ਵਧੀਏ,
ਪ੍ਰਭੂ ਬਾਰੇ ਗੱਲਾਂ ਕਰਦੇ ਹੋਏ।

ਕੀ ਤੁਸੀਂ ਕਦੇ ਸੁਣਿਆ ਹੈ? (ਸਭਾ ਆਖਦੀ ਹੈ, “ਆਮੀਨ”—ਸੰਪਾਦਕ)

ਬਹੁਤ ਵਧੀਆ ਮਹਿਸੂਸ ਕਰਦੇ ਹੋਏ ਬਸ ਇਸ ਬਾਰੇ
ਗੱਲਾਂ ਕਰਦੇ ਹੋਏ ਪਹਿਲੇ ਠੀਕ ਰਸਤੇ ਦੀਆਂ,
ਮੈਂ ਇੰਨਾਂ ਵਧੀਆ ਮਹਿਸੂਸ ਕਰਦਾ ਹਾਂ, ਮੈਂ ਪ੍ਰਭੂ ਵਾਲੀਆਂ
ਗੱਲਾਂ ਕਰਦਾ ਹਾਂ।

43 ਇਹ ਉਹੀ ਹੈ। ਸਭ ਠੀਕ, ਆਓ ਅਸੀਂ ਉਸ ਨਾਲ ਪ੍ਰਾਰਥਨਾ ਰਾਹੀਂ ਗੱਲ ਕਰੀਏ, ਇਸ ਤੋਂ ਪਹਿਲਾਂ ਕਿ ਅਸੀਂ ਉਸ ਦਾ ਵਚਨ ਪੜ੍ਹਣਾ ਸ਼ੁਰੂ ਕਰੀਏ।

44 ਜਦ ਕਿ ਅਸੀਂ ਆਪਣੇ ਸਿਰਾਂ ਨੂੰ ਝੁਕਾਏ ਹੋਏ ਹਾਂ, ਅਤੇ ਆਪਣੀਆਂ ਅੱਖਾਂ ਬੰਦ ਕੀਤੀਆਂ ਹੋਈਆਂ ਹਨ, ਅਤੇ ਦਿਨ ਭਰ ਦੀ ਭਾਲ ਹੁਣ ਹੋ ਰਹੀ ਹੈ। ਅਤੇ ਅਸੀਂ ਉਸਦੇ ਨਾਮ ਵਿਚ ਉਸਦੀ ਹਜੂਰੀ ਵਿਚ ਹਾਂ। ਕੀ ਕੋਈ ਇੱਥੇ ਹੋਵੇਗਾ ਜੋ ਕੁਝ ਯਾਦ ਕਰਕੇ ਦੱਸ ਸਕੇ ਕਿ ਤੁਹਾਨੂੰ ਖੁਦਾ ਦੀ ਹਜੂਰੀ ਅੰਦਰ ਯਾਦ ਕੀਤਾ ਜਾ ਸਕੇ, ਬਸ ਆਪਣਾ ਹੱਥ ਉਠਾਓ, ਅਤੇ ਉਸਨੂੰ ਦੱਸੋ ਕਿ, “ਖੁਦਾ ਮੈਨੂੰ ਯਾਦ ਕਰੀਂ।”

45 ਸਾਡੇ ਅਸਮਾਨੀ ਪਿਤਾ ਅਨੰਤ ਖੁਦਾ, ਜੋ ਤੂੰ ਸੰਸਾਰ ਰਚੇ ਜਾਣ ਤੋਂ ਪਹਿਲਾਂ ਜਾਣਦਾ ਸੀ, ਕਿ ਅੱਜ ਰਾਤ ਅਸੀਂ ਇੱਥੇ ਕਢੇ ਹੋਵਾਂਗੇ। ਤੂੰ ਇਹਨਾਂ ਹੱਥਾਂ ਨੂੰ ਵੇਖ ਲਿਆ ਸੀ। ਤੂੰ ਜਾਣਦਾ ਹੈਂ ਉਹਨਾਂ ਹਰੇਕ ਦਾ ਕੀ ਭਾਵ ਹੈ, ਅਤੇ ਜੋ ਹੱਥ ਉਠਾਏ ਗਏ ਹਨ ਉਹਨਾਂ ਦੇ ਦਿਲ ਅੰਦਰ ਕੀ ਹੈ। ਪਿਤਾ, ਮੈਂ ਉਹਨਾ ਲਈ ਪ੍ਰਾਰਥਨਾ ਕਰਦਾ ਹਾਂ, ਕਿ ਤੂੰ ਆਪਣੀ ਮਹਿਮਾ ਵਾਲੀ ਸ਼ਕਤੀ ਅੰਦਰ, ਆਪਣੀ ਮਹਾਨ ਭਰਪੂਰੀ ਨਾਲ ਉੱਤਰ ਦੇਵੇਂਗਾ।

46 ਅਸੀਂ ਇਸ ਕਲੀਸਿਯਾ ਲਈ ਤੇਰੇ ਧੰਨਵਾਦੀ ਹਾਂ, ਇਸ ਦੇ ਪਾਸਟਰ ਲਈ, ਇਸ ਦੇ ਬੋਰਡ ਲਈ, ਟ੍ਰਸਟੀਆਂ ਲਈ, ਉਡੀਕਣਾ ਸਾਰੇ ਮੈਂਬਰਾਂ ਅਤੇ ਇਹਿਨਾਂ ਸਾਰੀਆਂ ਪਿਆਰੀਆਂ ਜਾਨਾਂ ਦੇ ਲਈ ਜੋ ਕਲਾਕਸਵਿਲੇ, ਠਹਿਰਨ ਲਈ ਆ

ਰਹੇ ਹਨ, ਮੁਸਾਫਰ, ਅਜਨਬੀ ਹੋ ਕੇ ਉਹਨਾਂ ਦਾ ਅੱਗੇ ਲਈ ਸੰਸਾਰ ਨਾਲ ਵਾਸਤਾ ਨਹੀ ਹੈ। ਉਹਨਾਂ ਨੇ ਸੰਸਾਰ ਦੀਆਂ ਸਾਰੀਆਂ ਚੀਜ਼ਾਂ ਛੱਡ ਦਿੱਤੀਆਂ ਹਨ, ਆਪਣਾ ਸਭ ਕੁਝ ਜੋ ਉਹਨਾਂ ਪਾਸ ਸੀ ਵੇਚ ਦਿੱਤਾ ਹੈ, ਅਤੇ ਇਸ ਮਹਾਨ ਮੁੱਲ ਦੇ ਵੱਡੇ ਮੋਤੀ ਨੂੰ ਖਰੀਦ ਲਿਆ ਹੈ, ਪ੍ਰਭੂ ਯਿਸੂ ਮਸੀਹ ਨੂੰ ਜੋ ਕਿ ਸਾਨੂੰ ਸਦੀਪਕ ਜੀਵਨ ਬਖਸ਼ਦਾ ਹੈ। ਪ੍ਰਭੂ ਅਸੀਂ ਇਸ ਲਈ ਤੇਰੇ ਧੰਨਵਾਦੀ ਹਾਂ। ਇਹਨਾਂ ਪਿਆਰੀਆਂ ਜਾਨਾਂ ਲਈ ਤੇਰਾ ਧੰਨਵਾਦ। ਮੈਂ ਸਭਨਾਂ ਇੱਕ—ਇੱਕ ਲਈ ਬੇਨਤੀ ਕਰਦਾ ਹਾਂ।

47 ਮੈਂ ਭਾਈ ਜੈਕਸਨ ਬਾਰੇ ਵਿਚਾਰ ਕਰਦਾ ਹਾਂ, ਉਸ ਨੇ ਭੇਡਾਂ ਨੂੰ ਚਾਰਨ ਤੇ ਬੰਦਗੀ ਲਈ ਸਥਾਨ ਬਣਾਉਣ ਲਈ ਕਿੰਨੀ ਮਿਹਨਤ ਅਤੇ ਕੋਸ਼ਿਸ਼ ਨਾਲ ਸੰਘਰਸ਼ ਕੀਤਾ ਹੈ ਕਿ ਮੁਸਾਫਰਾਂ ਨੂੰ ਪ੍ਰਭੂ ਦੀ ਆਮਦ ਦੀ ਇੰਤਜਾਰੀ ਲਈ ਇੱਕਠੇ ਰਖਿਆ ਜਾਵੇ। ਉਹ ਅਤੇ ਉਸਦੀ ਪਤਨੀ ਅਤੇ ਪਰਿਵਾਰ ਅੱਜ ਰਾਤ ਇਥੇ ਮੇਰੇ ਪਿੱਛੇ ਬੈਠੇ ਹਨ, ਕੀ ਭਾਈ ਰਦੈਲ ਹੈ, ਅਤੇ ਉਹ ਵੀ ਉਹਨਾਂ ਨੂੰ ਇੱਕਠੇ ਰੱਖ ਰਹੇ ਹਨ, ਉਹ ਛੋਟਾ ਗਰੁਪ ਜੋ 62ਵੇਂ ਤੇ ਆ ਕੇ ਡੇਰਾ ਲਾ ਰਹੇ ਹਨ। ਭਾਈ ਨੇਵਲ ਅਤੇ ਟੇਬਰਨੇਕਲ ਦਾ ਗਰੁੱਪ ਠਹਿਰ ਰਹੇ ਹਨ। ਅਤੇ ਪ੍ਰਭੂ ਦੂਸਰੇ ਹੋਰ ਜੋ ਹੋਰ ਸਥਾਨਾਂ ਤੋਂ ਹਨ ਹੋ ਸਕਦਾ ਹੈ ਉਹ ਵੀ ਹਾਜਰ ਹੋਣ। ਅਸੀਂ ਪ੍ਰਭੂ ਦੀ ਆਮਦ ਵੱਲ ਵੇਖ ਰਹੇ ਹਾਂ।

48 ਪ੍ਰਭੂ, ਜਿਸ ਤਰ੍ਹਾਂ ਅਸੀਂ ਇੱਕਠੇ ਹੋਏ ਹਾਂ, ਸਾਨੂੰ ਮਾਫ਼ ਕਰਨਾ। ਅਸੀਂ ਯਿਸੂ ਦੇ ਨਾਂ ਵਿਚ ਇੱਕਠੇ ਹੋਏ ਹਾਂ ਇਹ ਜਾਣਦੇ ਹੋਏ ਕਿ ਤੂੰ ਸਾਡੀ ਫਰਿਯਾਦ ਸੁਣਨ ਦਾ ਵਾਦਾ ਕੀਤਾ ਹੈ। "ਜੋ ਕੁਝ ਵੀ ਅਸੀਂ ਉਸ ਦੇ ਨਾਂ ਤੋਂ ਮੰਗਾਂਗੇ ਉਹੀ ਦਿੱਤਾ ਜਾਵੇਗਾ।"

49 ਅਤੇ ਹੁਣ, ਅੱਜ ਰਾਤ ਜਿਉਂ ਹੀ ਅਸੀਂ ਬਾਈਬਲ ਖੋਲਣ ਲਈ ਇੱਕਠੇ ਹੋਏ ਹਾਂ, ਕਿ ਹੁਣ ਇੱਕ ਛੋਟੇ ਪਾਠ ਨੂੰ ਖੋਲੀਏ, ਹੁਣ ਅਸੀਂ ਬੱਸ ਮਨੁੱਖਾਂ ਨੂੰ ਵੇਖਣ ਅਤੇ ਸੁਣਨ ਲਈ ਇੱਥੇ ਨਹੀ ਆਏ ਹਾਂ। ਲੋਕ ਇਸ ਕਮਰੇ ਅੰਦਰ ਬੈਠ ਕੇ ਸਿਰਫ ਇਹ ਕਹਿਣ ਲਈ ਨਹੀ ਬੈਠੇ, "ਖੈਰ ਅਸੀਂ ਚਰਚ ਵਿਚ ਹਾਜਰ ਹੋਏ ਹਾਂ।" ਪ੍ਰਭੂ, ਅਸੀਂ ਤੇਰੀ ਮੁਲਾਕਾਤ ਦੀ ਆਸ ਕਰ ਰਹੇ ਹਾਂ। ਅਸੀਂ ਇਸੇ ਦੀ ਇੰਤਜਾਰ ਕਰ ਰਹੇ ਹਾਂ। "ਉਹ ਜੋ ਪ੍ਰਭੂ ਦਾ ਇੰਤਜਾਰ ਕਰਦੇ ਹਨ, ਨਵੇਂ ਸਿਰੇ ਤੋਂ ਬਲ ਪਾਉਣਗੇ।" ਅਤੇ ਅਸੀਂ ਮੰਗ ਕਰਦੇ ਹਾਂ, ਸਾਡੇ ਲਈ ਜੀਵਨ ਦੀ ਰੋਟੀ ਤੋੜ। ਕਾਸ਼ ਕਿ ਪਵਿੱਤਰ ਆਤਮਾ ਕੁਝ ਵਚਨ ਲੈ ਕੇ ਦਿਲ ਅੰਦਰ ਗਹਿਰਾ ਬੀਜ ਦੇਵੇ। ਪ੍ਰਭੂ ਉਹਨਾਂ ਨੂੰ ਤਾਕਤ ਦੇ ਜੋ ਕਮਜੋਰ ਹਨ। ਅਤੇ ਉਹਨਾਂ ਨੂੰ ਜੋ ਮਜਬੂਤ ਹਨ ਖੁਸ਼ੀ ਬਖਸ਼ ਦੇ; ਬੇਹਿੰਮਤਾਂ ਨੂੰ ਹੌਂਸਲਾ ਦੇ; ਬਿਮਾਰਾਂ ਨੂੰ ਸਿਹਤ ਬਖਸ਼ ਦੇ; ਗਵਾਚਿਆਂ ਨੂੰ ਮੁਕਤੀ ਦੇ। ਅਤੇ ਅਸੀਂ ਸਿਰਾਂ ਨੂੰ ਝੁਕਾ ਕੇ

ਤੈਨੂੰ ਵਡਿਆਈ ਦੇਵਾਂਗੇ। ਅਸੀਂ ਮੰਗਦੇ ਹਾਂ ਅਤੇ ਅਸੀਂ ਯਿਸੂ ਦੇ ਨਾਮ ਵਾਲੇ ਬਚਨ ਨਾਲ ਆਪਣੇ ਆਪ ਨੂੰ ਅਰਪਣ ਕਰਦੇ ਹਾਂ। ਅਮੀਨ।

50 ਜਿਸ ਤਰ੍ਹਾਂ ਅਸੀਂ ਅਗਲੇ ਹਫਤੇ ਸ਼ੁਰੂ ਕਰਾਂਗੇ ਹੁਣ ਦੋ ਜਾਤੀਆਂ ਤੋਂ ਪਾਰ ਦਾ ਮੈਂ ਵਚਨ ਪ੍ਰਚਾਰ ਕਰਨਾ ਚਾਹਾਂਗਾ ਇਹ ਕਲੀਸਿਯਾ ਮੈਨੂੰ ਯਾਦ ਰੱਖੇ। ਸਾਡੇ ਲਈ ਪ੍ਰਾਰਥਨਾਵਾਂ ਕਰਨਾ ਜਦੋਂ ਅਸੀਂ ਦੂਰ ਜਾ ਰਹੇ ਹਾਂ। ਜੇਕਰ ਆਸ ਪਾਸ ਤੁਹਾਡੇ ਮਿੱਤਰ ਹੋਣ, ਤੁਹਾਨੂੰ ਆਉਣ ਵਾਲੀਆਂ ਬੰਦਗੀਆਂ ਦਾ ਵੇਰਵਾ ਪਤਾ ਹੈ, ਸਾਡੇ ਕੋਲ...ਜਾਂ ਫਿਰ ਅਸੀਂ, ਅਸੀਂ ਉਹਨਾਂ ਦੇ ਬੰਦਗੀ ਵਿਚ ਆ ਸਕਣ ਲਈ ਖੁਸ਼ ਹੋਵਾਂਗੇ।

51 ਅਸੀਂ ਇੱਥੇ ਤੁਹਾਡੇ ਸਭਨਾਂ ਲਈ ਪ੍ਰਾਰਥਨਾ ਕਰਾਂਗੇ ਤੁਹਾਡੇ ਪਾਸਟਰ ਅਤੇ ਹੋਰਨਾ ਲਈ ਕਿ ਘਰਾਂ ਨੂੰ ਸਰਗਰਮ ਰੱਖੋ ਜਦ ਤਕ ਅਸੀਂ ਵਾਪਿਸ ਆਈਏ। ਜੇਕਰ ਯਿਸੂ ਸਾਡੇ ਆਉਣ ਤੋਂ ਪਹਿਲਾਂ ਆ ਜਾਂਦਾ ਹੈ, ਅਸੀਂ ਉਸੇ ਸਵੇਰ ਤੁਹਾਨੂੰ ਮਿਲਣਗੇ, ਜੇਕਰ ਉਸੇ ਮੰਨਤਵ ਨੂੰ ਛੱਡ ਕੋਈ ਹੋਰ ਸਾਡਾ ਨਿਸ਼ਾਨਾ ਹੋਵੇ, ਤਾਂ ਖੁਦਾ ਸਾਨੂੰ ਮਾਫ਼ ਕਰੇ।

52 ਹੁਣ ਅਸੀਂ ਅੱਜ ਰਾਤ ਨੂੰ ਥੋੜ੍ਹੇ ਵਚਨ ਵੱਲ ਮੁੜਣਾ ਚਾਹੁੰਦੇ ਹਾਂ, ਜੋ ਬਾਈਬਲ ਅੰਦਰ ਯਹੋਸ਼ੁਆ ਦੀ ਕਿਤਾਬ 24:14ਵੀਂ ਆਈਤ ਅਤੇ 15ਵੀ ਆਈਤ ਅੰਦਰ ਪਾਏ ਜਾਂਦੇ ਹਨ। ਮੈਂ ਖੁਦਾ ਦੇ ਵਚਨ ਵਿਚੋਂ ਪੜ੍ਹਨਾ ਚਾਹੁੰਦਾ ਹਾਂ ਧਿਆਨ ਨਾਲ ਉਸ ਦੇ ਵਚਨ ਨੂੰ ਸੁਣੋ। ਯਹੋਸ਼ੁਆ 24:14 ਅਤੇ 15

> *ਹੁਣ ਯਹੋਵਾਹ ਤੋਂ ਡਰੋ, ਅਤੇ ਉਸਦੀ ਉਪਾਸਨਾ ਸਿਧਿਆਈ ਅਤੇ ਸਚਿਆਈ ਨਾਲ ਕਰੋ: ਅਤੇ ਉਹਨਾਂ ਦੇਵਤਿਆਂ ਨੂੰ ਜਿਨ੍ਹਾਂ ਦੀ ਉਪਾਸਨਾ ਤੁਹਾਡੇ ਪਿਓ ਦਾਦੇ ਦਰਿਆ ਪਾਰ, ਅਤੇ ਮਿਸਰ ਵਿਚ ਕਰਦੇ ਸਨ; ਕਢ ਦਿਓ ਅਤੇ ਯਹੋਵਾਹ ਦੀ ਹੀ ਉਪਾਸਨਾ ਕਰੋ।*
>
> *ਅਤੇ ਜੇ ਤੁਹਾਡੀ ਨਿਗਾਹ ਵਿਚ ਯਹੋਵਾਹ ਦੀ ਉਪਾਸਨਾ ਬੁਰੀ ਹੈ, ਤਾਂ ਅੱਜ ਤੁਸੀਂ ਉਸਨੂੰ ਚੁਣ ਲਓ ਜਿਸਦੀ ਉਪਾਸਨਾ ਤੁਸੀਂ ਕਰੋਗੇ; ਭਾਵੇਂ ਉਹ ਦੇਵਤੇ ਜਿਨ੍ਹਾ ਦੀ ਤੁਹਾਡੇ ਪਿਓ ਦਾਦੇ ਜਦ ਉਹ ਦਰਿਆ ਪਾਰ ਸਨ, ਉਪਾਸਨਾ ਕਰਦੇ ਸਨ, ਭਾਵੇਂ ਅਮੋਰੀਆ ਦੇ ਦੇਵਤਿਆਂ ਦੀ, ਜਿਨ੍ਹਾਂ ਦੇ ਦੇਸ਼ ਵਿਚ ਤੁਸੀਂ ਵੱਸਦੇ ਹੋ: ਪਰ ਮੈਂ ਅਤੇ ਮੇਰਾ ਘਰਾਣਾ ਯਹੋਵਾਹ ਹੀ ਦੀ ਉਪਾਸਨਾ ਕਰਾਂਗੇ।*

53 ਪ੍ਰਭੂ ਆਪਣੇ ਵਚਨ ਪੜ੍ਹੇ ਜਾਣ ਤੇ ਆਸ਼ੀਸ਼ ਦੇਵੇ! ਇਥੇ ਮੇਰੇ ਪਾਸ ਕੁਝ ਨੁਕਤੇ ਹਨ, ਜਿਨ੍ਹਾਂ ਵਿਚੋਂ ਮੈਂ ਥੋੜਾ ਕੁ ਗੱਲ ਕਰਨਾ ਚਾਹਾਂਗਾ। ਅਤੇ ਮੈਂ ਅੱਜ ਰਾਤ ਬੋਲਣ ਲਈ ਵਿਸ਼ਾ ਲੈਣਾ ਚਾਹਾਂਗਾ, ਸੰਘਰਸ਼: *ਖੁਦਾ ਅਤੇ ਸ਼ੈਤਾਨ*

*ਵਿਚਕਾਰ ਸੰਘਰਸ਼*। ਅਤੇ ਹੁਣ ਥੋੜ੍ਹਾ ਕੁ ਸੰਡੇ ਸਕੂਲ ਦੇ ਪਾਠ ਵਾਂਗੂ ਸਿਖਾਉਣ ਲਈ, ਮੇਰੇ ਪਾਸ ਇਥੇ ਬਹੁਤ ਬਚਨ ਰਖੇ ਹੋਏ ਹਨ।

54 ਅਦਨ ਅੰਦਰ ਖੁਦਾ ਆਪਣੇ ਵੈਰੀ ਅਤੇ ਉਸਦੇ ਹਮਲਿਆਂ ਬਾਰੇ ਜਾਣਦਾ ਸੀ। ਖੁਦਾ ਅਨੰਤ ਖੁਦਾ ਹੈ, ਅਤੇ ਅਨੰਤ ਖੁਦਾ ਸੰਪੂਰਨਤਾਈਆਂ ਤੋਂ ਸੰਪੂਰਨ ਹੈ। ਉਹ ਸਾਰੀਆਂ ਗੱਲਾਂ ਦੇ ਹੋਣ ਤੋਂ ਪਹਿਲਾਂ ਜਾਣਦਾ ਸੀ। ਅਤੇ ਇਸ ਲਈ, ਜੇਕਰ ਇਹ ਅਨੰਤ ਖੁਦਾ ਭਵਿੱਖ ਨੂੰ ਵੇਖ ਸੱਕਦਾ ਹੈ (ਅਤੇ ਵੇਖੋ) ਅਤੇ ਸ਼ੁਰੂਆਤ ਤੋਂ ਅੰਤ ਤੱਕ ਵੇਖਿਆ, ਅਤੇ ਉਸਨੇ ਜਾਣਿਆ ਕਿ ਇਸ ਧਰਤੀ ਤੇ ਉਸਦੇ ਬੱਚੇ ਹੋਣਗੇ, ਉਸਦੇ ਆਪਣੇ ਮੁਬਾਰਕ ਬੱਚੇ ਹੋਣਗੇ ਤੁਸੀ ਨਿਹਚਾ ਨਹੀ ਕਰਦੇ ਹੋ, ਕਿ ਉਹ ਉਹਨਾਂ ਦੀਆਂ ਜਰੂਰਤਾਂ ਦਾ ਵਧੀਆ ਪ੍ਰਬੰਧ ਕਰੇਗਾ, ਕੀ ਉਹ ਪ੍ਰਬੰਧ ਕਰ ਸਕਦਾ ਹੈ? (ਸਭਾ ਆਖਦੀ ਹੈ, "ਆਮੀਨ"—ਸੰਪਾਦਕ)

55 ਅੱਜ ਰਾਤ ਨੂੰ ਆਪਣੇ ਬੱਚਿਆਂ ਲਈ ਜੋ ਮਜਬੂਰਨ ਅਤੇ ਛੋਟੇ ਸਾਥੀ ਜੋ ਆਪਣੀ ਰਾਖੀ ਆਪ ਨਹੀ ਕਰ ਸਕਦੇ ਹਨ, ਕੀ ਤੂੰ ਸੰਘਰਸ਼ ਨਹੀਂ ਕਰੇਂਗਾ, ਅਤੇ ਕੰਮ ਕਰੇਂਗਾ ਅਤੇ ਸਭ ਕੁਝ ਜੋ ਤੂੰ ਕਰ ਸੱਕਦਾ ਹੈਂ, ਲੋਕਾਂ ਲਈ ਵਧੀਆ ਜੋ ਤੂੰ ਕਰ ਸੱਕਦਾ ਹੈਂ ਬੱਚਿਆਂ ਦਾ ਪ੍ਰਬੰਧ ਕਰਨ ਦੇ ਯੋਗ ਹੈ ਕਰ (ਸਭਾ ਆਖਦੀ ਹੈ "ਆਮੀਨ"—ਸੰਪਾਦਕ) ਕਿਉਂ ਜੋ ਤੂੰ ਹੀ ਮਾਪੇ ਅਤੇ ਇੱਕ ਖੁਦਾ ਹੈਂ। ਅਤੇ ਜੇਕਰ ਉਹੀ ਹੋਏ—ਹੋਏ...ਜੋ ਮੈਂ ਕਹਿਣਾ ਹੈ, ਇਹ—ਇਹ ਸੱਚਾਪਨ ਅਤੇ ਧਰਤੀ ਉੱਪਰ ਇੱਕ ਮਾਪਿਆਂ ਦੇ ਵਿਚਾਰ ਅਤੇ ਮਾਪੇ ਖੁਦਾ ਅੰਦਰ ਸ਼ੁਰੂ ਹੋਏ ਹਨ। ਕਿ ਜੋ ਉਹੀ ਮੁਢਲੇ ਮਾਪੇ ਹਨ, ਕੀ ਤੁਸੀਂ ਨਹੀ ਸੋਚਦੇ ਹੋ ਕੀ ਖੁਦਾ ਨੇ ਵੇਖਿਆ, ਸ਼ੈਤਾਨ ਕੀ ਹੋਵੇਗਾ ਸ਼ੈਤਾਨ ਕੀ ਕਰੇਗਾ, ਖੁਦਾ ਨੇ ਆਪਣੇ ਬੱਚਿਆਂ ਨੂੰ ਵਧੀਆ ਚੀਜ਼ ਦਿੱਤੀ ਅਤੇ ਉਹਨਾਂ ਲਈ ਪ੍ਰਬੰਧ ਕੀਤਾ। ਇਹ ਜਾਣਨ ਲਈ ਕਿ ਵੈਰੀ ਦਾ ਕੀ ਹਮਲਾ ਹੋਵੇਗਾ। ਖੁਦਾ ਨੇ ਆਪਣੇ ਬੱਚਿਆਂ ਦਾ ਹੌਂਸਲਾ ਵਧਾਇਆ, ਵੇਖੋ?

56 ਅਸੀਂ ਲੜਾਈ ਕਰਦੇ ਹਾਂ, ਜਦ ਇੱਕ ਜਰਨਲ ਲੜਾਈ ਅੰਦਰ ਦੂਸਰੇ ਜਨਰਲ ਦਾ ਟਕਰਾ ਕਰਨ ਜਾਂਦਾ ਹੈ। ਅਤੇ ਇਹ ਜਨਰਲ ਜੇਕਰ ਉਹ ਇੱਕ ਅਸਲ ਵਿਚ ਸੱਚਾ ਨਾਗਰਿਕ ਹੈ...ਅਤੇ ਇੱਕ ਜਨਰਲ ਹੁੰਦੇ ਹੋਏ ਉਹ ਯਕੀਨਨ ਹੋਵੇਗਾ ਵੀ। ਅਤੇ ਉਹ ਪਹਿਲਾਂ ਜੋ ਕਰਦਾ ਹੈ, ਅਤੇ ਉਹ, ਪਹਿਲੀ ਗੱਲ, ਦੁਸ਼ਮਨ ਦੇ ਹਮਲਿਆਂ ਦੀ ਜਾਣਕਾਰੀ ਕਰਦਾ ਹੈ, ਉਹ ਜਾਣਦਾ ਹੈ, ਉਹ ਦਾ ਵੈਰੀ ਕੀ ਕਰੇਗਾ, ਕਿਸ ਤਰ੍ਹਾਂ ਦਾ ਕੰਮ ਕਰਨ ਜਾ ਰਿਹਾ ਹੈ, ਕਿਉਂ ਜੋ ਇੱਕ ਢੰਗ ਨਾਲ ਉੱਥੇ ਗਿਆ ਸੀ ਅਤੇ ਖੋਜ ਕੀਤੀ ਸੀ।

57 ਤੁਸੀਂ ਜਾਣਦੇ ਹੋ, ਸਾਡੇ ਪਾਸ ਹਰੇਕ ਥਾਂ ਤੇ ਖੋਜੀ ਪਾਏ ਜਾਂਦੇ ਹਨ। ਅਮਰੀਕਾ ਦੇ ਜਸੂਸ ਇੰਗਲੈਂਡ ਅੰਦਰ ਪਾਏ ਜਾਂਦੇ ਹਨ। ਅਮਰੀਕਾ ਦੇ ਜਸੂਸ

ਫ੍ਰਾਂਸ ਅੰਦਰ ਪਾਏ ਜਾਂਦੇ ਹਨ। ਉਥੇ ਅਮਰੀਕਾ ਅਤੇ ਜਰਮਨ ਦੇ ਜਸੂਸ ਇਥੇ ਹਨ। ਅਤੇ ਉਥੇ ਹਨ...ਕੋਈ ਮਾਮਲਾ ਹੀ ਨਹੀ ਅਸੀਂ ਚਾਹੇ ਕਿੰਨੇ ਵੀ ਮਿੱਤਰ ਹਾਂ, ਸਾਡੇ ਪਾਸ ਫਿਰ ਵੀ ਜਸੂਸ ਹਨ। ਅਤੇ ਅਸੀਂ ਕਿਸੇ ਕਿਸਮ ਦੇ—ਦੇ ਪਰਮਾਣੂ ਹਥਿਆਰ ਦੀ ਖੋਜ ਕਰਦੇ ਹੀ ਹਾਂ ਜਦ ਅਸੀਂ ਖੋਜ ਕਰ ਲੈਂਦੇ ਹਾਂ, ਇਸ ਨੂੰ ਦੇਸ਼ ਵਿੱਚ ਵਾਪਸ ਲੈ ਜਾਂਦੇ ਹਾਂ ਫਿਰ ਕੀ ਹੁੰਦਾ ਹੈ, ਜਦ ਲੜਾਈ ਲਗਦੀ ਹੈ, ਉਹ ਤਿਆਰ ਹੁੰਦੇ ਹਨ, ਅਤੇ ਜੇਕਰ ਅਸੀਂ ਜਾਂਦੇ ਹਾਂ, ਕਿ ਉਹਨਾਂ ਨੂੰ ਪਤਾ ਹੁੰਦਾ ਹੈ ਕਿ ਉਹਨਾਂ ਨੇ ਆਪਣੇ ਵੈਰੀ ਤੇ ਕਿਸ ਤਰ੍ਹਾਂ ਹਮਲਾ ਕਰਨਾ ਹੈ। ਅਤੇ ਜੇਕਰ ਅਸੀਂ ਜਾਣਦੇ...

58 ਖੁਦਾ ਜਾਣਦਾ ਸੀ ਕਿ ਇਹ ਸਹੀ ਅਤੇ ਗਲਤ ਵਿਚਕਾਰ, ਮਹਾਨ ਯੁੱਧ ਆਉਣ ਵਾਲਾ ਸੀ, ਅਤੇ ਉਹ ਜਾਣਦਾ ਸੀ ਕਿ ਦੁਸ਼ਮਣ ਕੀ ਕਰਨ ਜਾ ਰਿਹਾ ਸੀ, ਉਹ ਸਹੀ ਢੰਗ ਨਾਲ ਜਾਣਦਾ ਸੀ ਕਿ ਉਸ ਦੇ ਲੋਕਾਂ ਨੂੰ ਕਿਸ ਤਰ੍ਹਾਂ ਦੇ ਸਾਜ—ਸਮਾਨ ਪਹਿਨਣੇ ਹਨ। ਇਸ ਲਈ ਜੇਕਰ ਅਸੀਂ ਧਿਆਨ ਕਰੀਏ ਜੋ ਸਭ ਤੋਂ ਪਹਿਲੀ ਗੱਲ ਜਿਸ ਨਾਲ ਖੁਦਾ ਨੇ ਆਪਣੇ ਲੋਕਾਂ ਨੂੰ ਤਿਆਰ ਕੀਤਾ ਉਹ ਸੀ...ਅਨੰਤ ਹੋਣ ਕਾਰਨ, ਉਹ ਜਾਣਦਾ ਸੀ, ਸ਼ੈਤਾਨ ਨੂੰ ਹਾਰ ਦੇਣ ਲਈ ਕਿਸੇ ਸਮੇਂ ਤੇ, ਕਿਸੇ ਪਾਸੇ ਤੇ, ਕਿਸੇ ਹਾਲਤ ਅੰਦਰ, ਕੀ ਵਰਤਿਆ ਜਾਣਾ ਸੀ। ਹੁਣ, ਉਹ ਕਹੇਗਾ, "ਮੈਂ ਉਹਨਾਂ ਨੂੰ *ਇੱਥੇ* ਕੁਝ ਹੋਰ ਦੇਵੇਂਗਾ, ਅਤੇ ਫਿਰ ਥੋੜ੍ਹੇ ਸਾਲਾਂ ਤੋਂ ਬਾਅਦ ਹੋਰ ਉਹਨਾਂ ਨੂੰ ਵਧੀਆ ਦੇਣ ਲਈ ਮੈਂ ਹੋਸਕਦਾ ਹੋਰ ਜਾਣਕਾਰੀ ਕਰਾਂ ਅਤੇ ਫਿਰ ਥੋੜ੍ਹੇ ਹੋਰ ਸਾਲਾਂ ਬਾਅਦ ਹੋਰ ਪੜ੍ਹਾਈ ਕਰਾਂ।"

59 ਜਿਸ ਤਰ੍ਹਾਂ ਅਸੀਂ ਫੌਜੀ ਸ਼ਕਤੀ ਅੰਦਰ ਪਹਿਲੇ ਤੀਰ ਅਤੇ ਕਮਾਨ ਅਤੇ ਵਦਾਨ, ਚੱਟਾਨ ਵਾਲਾ ਹਥੌੜਾ, ਅਤੇ ਫਿਰ ਅਗਲਾ ਸੀ ਇੱਕ...ਤੀਰ ਅਤੇ ਕਮਾਨ ਬਾਅਦ ਪੁਰਾਣੇ ਸਮੇਂ ਦੀ ਬੰਦੂਕ ਆਈ ਅਤੇ—ਅਤੇ ਪ੍ਰਾਚੀਨਕਾਲ ਦੀ ਬੰਦੂਕ ਤੋਂ ਬਾਅਦ ਸਪ੍ਰਿੰਗਫ਼ੀਲਡ ਅਤੇ ਹੁਣੇ ਐਟਮ ਦੇ ਹਥਿਆਰ ਅਤੇ ਉਹਨਾਂ ਦੀਆਂ ਚੀਜ਼ਾਂ ਵੇਖੋ? ਅਸੀਂ ਅੱਗੇ ਹੀ ਵਧਦੇ ਗਏ।

60 ਪਰ ਖੁਦਾ ਨੇ ਆਦਿ ਵਿਚ ਹੀ ਆਪਣਿਆਂ ਬੱਚਿਆਂ ਨੂੰ ਪਰਮਾਣੂ ਹਥਿਆਰ ਦੇ ਦਿਤੇ, ਕਿਉਂ ਜੋ ਉਹ ਅਨੰਤ ਖੁਦਾ ਹੈ। ਹੁਣ, ਇਹ ਵੇਖਦੇ ਹੋਏ ਕਿ ਇੱਕ ਯੁੱਧ ਹੋਵੇਗਾ, ਖੁਦਾ ਨੇ ਆਪਣਿਆਂ ਬੱਚਿਆਂ ਨੂੰ ਸਹੀ ਕਿਸਮ ਦਾ ਦਾਰੂ ਸਿੱਕੇ ਨਾਲ ਹਥਿਆਰ ਬੰਦ ਕੀਤਾ, ਇੱਕ ਠੀਕ ਤਰ੍ਹਾਂ ਦਾ ਹਮਲਾ, ਹਰ ਪ੍ਰਕਾਰ ਦੀ ਠੀਕ ਚੀਜ਼ ਦਿੱਤੀ ਜਿਸਦੀ ਉਨ੍ਹਾਂ ਨੂੰ ਲੋੜ ਸੀ ਜੋ ਏਡਨ ਤੋਂ ਲੈ ਕੇ ਉਠਾਏ ਜਾਣ ਤੱਕ ਸਾਰੇ ਰਸਤੇ ਨੂੰ ਉਹਨਾਂ ਲਈ ਸਾਫ਼ ਕਰੇ। ਇਹ ਕੀ ਸੀ? ਬਚਨ—ਬਚਨ ਇਹੀ ਕੁਝ ਹੈ ਜੋ ਸ਼ੈਤਾਨ ਨੂੰ ਹਰਾ ਦਿੰਦਾ ਹੈ, ਵਚਨ ਕੀ ਹੈ? ਇਹ ਕਿਸੇ ਵੀ ਪਾਸੇ ਤੇ ਉਸਨੂੰ ਹਰੇਗਾ, ਕਿਸੇ ਸਥਾਨ ਤੇ ਵੀ। ਹੁਣ ਅਸੀਂ ਕਿਉਂ ਹੋਰ ਚੀਜ਼

ਨੂੰ ਵਚਨ ਦੇ ਸਥਾਨ ਤੇ ਲੈਂਦੇ ਹਾਂ, ਜਦ ਕਿ ਪਹਿਲਾਂ ਹੀ ਸਾਡੇ ਕੋਲ ਵਧੀਆ ਚੀਜ ਹੈ। ਉਹ ਵਚਨ ਹੈ।

61 ਅਤੇ ਯਿਸੂ ਨੇ ਧਰਤੀ ਤੇ ਸਿਰਫ ਇਹ ਸਬੂਤ ਦੇਣਾ ਸੀ ਕੀ ਇਹ ਵਧੀਆ ਹਥਿਆਰ ਹੈ, ਜਦ ਸ਼ੈਤਾਨ ਯਿਸੂ ਨਾਲ ਮੁਕਾਬਲਾ ਕਰਨ ਲਈ ਸਾਹਮਣੇ ਆ ਗਿਆ, ਉਹ ਕਦੇ ਵੀ ਕੇਵਲ ਆਪਣੀ ਸ਼ਕਤੀ ਨਾਲ ਪਹੁੰਚ ਕੇ ਉਸਦੇ ਹੱਥਾਂ ਨੂੰ ਨਹੀਂ ਬੰਨ੍ਹਿਆ ਬਸ ਉਸਨੇ ਉਹੀ ਹਥਿਆਰ ਲਿਆ ਜੋ ਕਿ ਖੁਦਾ ਨੇ ਏਡਨ ਦੇ ਬਾਗ ਅੰਦਰ ਉਸ ਦਾ ਵਚਨ ਦਿੱਤਾ ਸੀ, ਅਤੇ ਬੋਲਿਆ, ਇਹ ਲਿਖਿਆ ਹੈ,... "ਇਹ ਲਿਖਿਆ ਹੈ,..." ਉਸ ਨਾਲ ਉਸ ਨੂੰ ਘੇਰੇ ਅੰਦਰੋਂ ਬਾਹਰ ਕੱਢ ਦਿੱਤਾ, ਇਹ ਸਹੀ ਹੈ, ਇਹੀ ਖੁਦਾ ਦਾ ਕਮਾਲ ਹੈ।

62 ਅਤੇ ਇਹ ਜਾਣੋ ਕਿਥੇ ਹੈ। ਇਹ ਸਿਰਫ ਕਲੀਸਿਯਾ ਅੰਦਰ ਇੱਕ ਜਾਂ ਦੋ ਲਈ ਨਹੀ ਹੁੰਦਾ ਹੈ। ਇਹ ਸਾਡੇ ਹਰੇਕ ਲਈ ਹੁੰਦਾ ਹੈ। ਹਰੇਕ ਨਿਹਚਾਵਾਨ ਦਾ ਇਕ ਅਧਿਕਾਰ ਹੈ ਵਚਨ ਨੂੰ ਲੈ ਕੇ ਵੈਰੀ ਨਾਲ ਜਿਸ ਥਾਂ ਤੇ ਵੀ ਉਹ ਤੁਹਾਨੂੰ ਮਿਲੇ ਯੁੱਧ ਕਰੇ। ਕਿਸੇ ਵੀ ਥਾਂ ਤੁਸੀਂ ਵੈਰੀ ਨੂੰ ਮਿਲਦੇ ਹੋ, ਇਹ ਵਚਨ ਹੈ ਜਿਸ ਨੂੰ ਤੁਸੀਂ ਵਰਤਣਾ ਹੈ। ਜਦੋਂ ਯਿਸੂ ਆਇਆ ਸੀ ਉਸ ਨੇ ਸਾਬਤ ਕਰ ਵਿਖਾਇਆ। ਇਸ ਲਈ ਉਸ ਨੇ ਆਪਣੇ ਬੱਚਿਆਂ ਨੂੰ, ਵੈਰੀ ਤੋਂ ਹਿਫ਼ਾਜ਼ਤ ਲਈ ਵਚਨ ਦੇ ਹਥਿਆਰ ਪਹਿਨਾਏ ਹਨ। ਜਦ ਲੜਾਈ ਦੇ ਸਾਰੇ ਹਥਿਆਰ ਬਾਹਰ ਲਿਆ ਕੇ ਤਰਤੀਬ ਨਾਲ ਬੀੜੇ ਦਿੱਤੇ ਜਾਂਦੇ, ਲੜਾਈਆਂ ਮੈਦਾਨ ਅੰਦਰ ਹੁੰਦੀਆਂ ਹਨ, ਤਦ ਸਿਰਫ ਇੱਕ ਗੱਲ ਸੱਚੇ ਸਿਪਾਹੀ ਮਸੀਹੀ ਸਿਪਾਹੀ ਲਈ ਹੁੰਦੀ ਹੈ, ਉਹ ਹੈ, **ਯਹੋਵਾਹ ਇਉਂ ਫਰਮਾਉਂਦਾ ਹੈ**। ਉਸ ਥਾਂ ਤੇ ਸਿਧੇ ਆਓ ਅਤੇ ਵੈਰੀ ਦਾ ਟਾਕਰਾ ਪੱਕੀ ਨਿਹਚਾ ਨਾਲ ਜੋ ਹੁੰਦਾ ਹੈ, ਇਸ ਤੋਂ ਬਿਨਾਂ ਹੋਰ ਕੁਝ ਨਹੀ, ਟਾਕਰਾ ਕਰੋ..."ਤੇਰੇ ਸੱਜੇ ਮੁਢ ਹਜਾਰ ਅਤੇ ਖੱਬੇ ਪਾਸੇ ਦਸ ਹਜਾਰ ਡਿੱਗਣ, ਪਰ ਉਹ ਤੇਰੇ ਨੇੜੇ ਨਹੀ ਆਉਣਗੇ। ਬਸ ਯਾਦ ਰਹੇ ਖੁਦਾ ਨੇ ਇਹ ਵਿਆਖਿਆ ਦਾ ਵਚਨ ਆਪਣੇ ਬੱਚਿਆਂ ਨੂੰ ਦਿੱਤਾ ਹੈ, ਅਤੇ ਜੇ ਕਰ ਕਦੀ ਵਧੀਆ ਹੋਇਆ ਹੈ ਤਾਂ ਇਸੇ ਤਰ੍ਹਾਂ ਹੀ ਹੈ।

63 ਸ਼ੈਤਾਨ, ਨੇ ਅਦਨ ਦੇ ਬਾਗ ਅੰਦਰ ਪਹਿਲਾਂ ਇਹਨਾਂ ਹਮਲਿਆਂ ਅੰਦਰ ਇੱਕ ਇਨਸਾਨ ਤੇ ਹਮਲਾ ਕਰਨ ਆਇਆ, ਇਹ ਜਾਣਦੇ ਹੋਏ ਕਿ ਖੁਦਾ ਦੇ ਬੱਚਿਆਂ ਨੇ ਇਸ ਵਚਨ ਦਾ ਬਲ ਪਾਇਆ ਹੋਇਆ ਸੀ, ਸ਼ੈਤਾਨ ਨੇ ਵਚਨ ਤੇ ਹਮਲਾ ਕੀਤਾ। ਵੇਖੋ? ਉਸਨੇ ਪਹਿਲਾਂ ਕਦੇ ਵੀ ਵਿਅਕਤੀ ਤੇ ਹਮਲਾ ਨਹੀ ਕੀਤਾ, ਉਸਨੇ ਵਚਨ ਤੇ ਹਮਲਾ ਕੀਤਾ।

64 ਉਸ ਚੁਗਲ ਕੋੜ੍ਹ ਕਿਰਲੇ ਵੱਲ ਵੇਖੋ, ਅੱਜ ਉਹ ਕੀ ਕਰਦਾ ਹੈ, ਪਹਿਲੀ ਗੱਲ ਉਹ ਉੱਪਰ ਆ ਕੇ ਕਰ ਨਹੀ ਸੱਕਦਾ, "ਆਖੇ ਉਹ ਤਾਂ ਮਨੁੱਖ ਚੰਗਾ

ਮਨੁੱਖ ਨਹੀ ਹੈ।” ਉਹ ਤਾਂ ਚੰਗਾ ਮਨੁੱਖ ਹੈ। ਵੇਖੋ? ਪਰ ਉਹ ਤਾਂ ਸਿਰਫ ਇੱਕ ਗੱਲ ਕਰਨ ਦੀ ਕੋਸ਼ਿਸ਼ ਕਰਦਾ ਹੈ, ਕੋਈ ਮਾਮਲਾ ਨਹੀ ਚਾਹੇ ਮਨੁੱਖ ਕਿੰਨਾਂ ਚੰਗਾ ਕਿਉਂ ਨਾ ਹੋਵੇ ਉਹ ਦੀ ਕੋਸ਼ਿਸ਼ ਉਹਨਾਂ ਨੂੰ ਵਚਨ ਤੋਂ ਇਨਕਾਰ ਕਰਨ ਦੀ ਹੁੰਦੀ ਹੈ। ਸਿਰਫ ਉਹੋ ਗੱਲ ਹੈ, ਜੋ ਉਹ ਕਰਨ ਚਾਹੁੰਦਾ ਹੈ ਕਿ ਤੁਹਾਨੂੰ ਉਸ ਵਚਨ ਤੋਂ ਇਨਕਾਰੀ ਕਰੇ।

65 ਇਸ ਲਈ ਸ਼ੈਤਾਨ ਨੇ—ਨੇ ਅਦਨ ਦੇ ਬਾਗ ਦੇ ਅੰਦਰ ਵਚਨ ਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ। ਇਸ ਲਈ ਹੁਣ ਉਸਦੇ ਕੋਲ ਕੁਝ ਕਰਨ ਲਈ ਹੋਣਾ ਹੀ ਸੀ ਜੋ ਮਨੁੱਖ ਜਾਤੀ ਨੂੰ ਵਚਨ ਨਾਲੋਂ ਵਧੀਆ ਲੱਗੇ। ਸਮਝੇ? ਵਚਨ ਨਾਲੋਂ ਵਧੀਆ ਲੱਗਣ ਲੈ ਉਸ ਕੋਲ ਕੁਝ ਹੋਣਾ ਹੀ ਸੀ। ਅਤੇ ਕੀ ਤੁਸੀਂ ਜਾਣਦੇ ਹੋ ਉਸਨੇ ਕੀ ਇਸਤੇਮਾਲ ਕੀਤਾ? *ਕਾਰਨਾਂ ਨੂੰ*, ਬੱਸ ਉਹ ਕੀ ਉਸ ਨੂੰ ਆਖਣਗੇ, “ਆਮ ਸੂਝ।” ਵੇਖੋ? ਇਸ ਲਈ ਇਹੀ ਕੁਝ ਹੈ ਜੋ ਉਸ ਵਰਤਿਆ ਅਤੇ ਉਹ ਸਫਲ ਹੋ ਗਿਆ, ਇਸ ਲਈ ਇਹੀ ਕੁਝ ਹੈ ਜੋ ਸਭ ਉਸਨੇ ਇਸਤੇਮਾਲ ਕੀਤਾ।

66 ਪਰ ਆਪਣੇ ਵਚਨ ਨੂੰ ਛੱਡ ਕੇ ਖੁਦਾ ਹੋਰ ਕੁਝ ਨਹੀਂ ਦੇ ਸਕਦਾ ਹੈ, ਕਿਉਂਜੋ, ਇਹੋ ਕੁਝ ਹੈ ਜੋ ਉਸਨੇ ਪਹਿਲਾਂ ਚੁਣਿਆ ਹੈ। ਅਤੇ ਖੁਦਾ ਜਦ ਇੱਕ ਫੈਸਲਾ ਕਰਦਾ ਹੈ ਤਾਂ ਉਹ ਸਦਾ ਲਈ ਉਸੇ ਤਰ੍ਹਾਂ ਕਰਦਾ ਹੈ ਤਾਂ ਉਹ ਸਦਾ ਲਈ ਉਸੇ ਤਰ੍ਹਾਂ ਰਹਿੰਦਾ ਹੈ।

67 ਅਤੇ ਸ਼ੈਤਾਨ ਨੇ ਕਾਰਨਾ ਨੂੰ ਲਿਆ ਅਤੇ ਲੈ ਕੇ ਵਚਨ ਤੇ ਹਮਲਾ ਕੀਤਾ ਅਤੇ ਹਵਾਹ ਨੂੰ ਰਸਤੇ ਤੋਂ ਉਖੇੜ ਮਾਰਿਆ, ਇਹ ਸਹੀ ਹੈ, ਕਰਨਾ ਰਾਹੀਂ, ਮਨੁੱਖੀ ਕਰਨਾ ਨਾਲ।

68 ਹੁਣ ਉਹੀ ਰਸਤਾ ਹੈ ਜਿਸਨੂੰ ਉਸਨੇ ਨਾਰੀ ਖੁਦਾ ਦੇ ਵਚਨ ਵਿਰੁੱਧ ਨਿਹਚਾਹੀਨ ਕੀਤੀ ਜਾ ਸਕਦੀ ਸੀ। ਅਤੇ ਸ਼ਤਾਨ ਜਾਣਦਾ ਹੈ ਕਿ ਕਾਰਨਾ ਨੂੰ ਕਿਸ ਤਰ੍ਹਾਂ ਵਰਤਣਾ ਹੈ। ਇਹ ਤੁਹਾਨੂੰ ਮਨਾਉਣ ਲਈ ਵੀ ਹੈ। ਅਤੇ ਪਾਪ ਬਹੁਤ ਆਕਰਸ਼ਕ ਵੀ ਹੁੰਦਾ ਹੈ। ਅਤੇ ਇਕ ਸਿਰਫ ਪਾਪ ਇਕੋ ਹੀ ਹੁੰਦਾ ਹੈ, ਅਤੇ ਉਹ ਹੈ ਬੇਪ੍ਰਤੀਤੀ। ਇਸ ਲਈ ਇਹ ਅਸਲ ਵਿਚ ਸੂਝ ਦਿਲਾਉਣ ਵਾਲਾ ਹੁੰਦਾ ਹੈ। ਸ਼ੈਤਾਨ ਪਾਪ ਨਾਲ ਇੰਨੀ ਵਧੇਰੇ ਸੂਝ ਕਰਾਉਂਦਾ ਹੈ।

69 ਕੁਝ, ਕੁ ਮਿੰਟਾਂ ਲਈ ਥੋੜਾ ਰੁਕਦੇ ਹੋਏ। ਇੱਕ ਨੌਜਵਾਨ ਮਨੁੱਖ ਹੁੰਦੇ ਹੋਏ ਮੈਂ ਬਹੁਤ ਵਾਰੀ ਸੋਚਿਆ ਹੈ, ਅਤੇ ਦੇਸ਼ ਅੰਦਰਲੀਆਂ ਵੱਖ—ਵੱਖ ਜਾਤੀਆਂ ਦੇ ਚਾਲ ਚਲਣ ਬਾਰੇ ਪੜ੍ਹਿਆ ਹੈ। ਅਤੇ ਵੱਖ—ਵੱਖ ਲੋਕਾਂ ਨੇ ਮੈਨੂੰ ਦੱਸਿਆ ਹੈ ਖਾਸ ਕਰਕੇ ਫ੍ਰਾਂਸ ਅੰਦਰ ਜੋ ਸਥਾਨ ਪਿਗਲੀ ਹੈ ਉੱਥੇ ਲੋਕ ਐਨੇ ਬਦਚਲਣ ਸਨ। ਖੈਰ, ਮੈਂ ਸੋਚਿਆ, “ਜੇਕਰ ਮੈਂ ਕਦੀ ਉਥੇ ਗਿਆ, ਤਾਂ ਮੈਂ ਉਸ ਥਾਂ ਦੇ ਲੋਕਾਂ ਨੂੰ ਵੇਖਾਂਗਾ, ਔਰਤਾਂ ਬਾਹਰ ਨਿਕਲਦੀਆਂ, ਤੁਸੀਂ ਮੰਨੋ, ਦੁਰਾਚਾਰਨਾ

ਜਿਵੇਂ ਪੁਰਾਨੀ ਭੂਤਨੀ ਦਾ ਵੇਖਣਾ ਹੋਵੇ, ਤੁਸੀਂ ਜਾਣੋ।" ਅਤੇ—ਅਤੇ ਮੈਂ ਗਿਆ ਅਤੇ ਪਹਿਲੀ ਰਾਤ ਮੈਂ ਅਤੇ ਤਿੰਨ ਹੋਰ ਸੇਵਾਦਾਰ ਭਾਈ, ਅਸੀਂ ਬਹੁਤ ਹੈਰਾਨ ਹੋ ਗਏ! ਹੁਣ, ਸ਼ਤਾਨ ਉਸ ਅੰਦਰ ਬਹੁਤ ਹੀ ਚਲਾਕ ਹੈ। ਉਹ ਉਸ ਵਾਂਗੂ ਕੁਝ ਹੋਰ ਪੇਸ਼ ਕਰਨ ਨਹੀ ਜਾ ਰਿਹਾ ਹੈ। ਜੇ ਕਰ ਮੈਂ ਆਪਣੀ ਉਮਰ ਵਿਚ ਕਦੇ ਸੁੰਦਰ ਲੜਕੀਆਂ ਵੇਖੀਆਂ ਸਨ ਤਾਂ ਇਥੇ ਹੀ ਸਨ, ਪੱਕੇ ਢੰਗ ਨਾਲ ਆਕਰਸ਼ਣ ਕਰਨ ਵਾਲੀਆਂ।

70 ਪਾਪ ਆਕਰਸ਼ਣ ਅਤੇ ਲਬਾਉਣ ਵਾਲਾ ਹੈ। ਸ਼ਤਾਨ ਪਾਟੇ ਖੁਰਾਂ ਅਤੇ ਇਕ ਅਤੇ ਇਕ ਤਿਖੀ ਪੂਛ ਵਾਲਾ ਨਹੀ ਹੈ ਅਤੇ ਉਸ ਤਰ੍ਹਾਂ ਦਾ ਨਾ ਹੀ ਉਹ ਪੁਰਾਣੇ ਜਾਨ ਬੈਰਲੀਕੋਰਨ ਵਾਂਗ ਬਾਹਰ ਤੋਂ ਹੈ, ਜਿਸ ਦਾ ਕੋਟ ਉੱਪਰ ਨੂੰ ਟੰਗਿਆ ਅਤੇ ਕੰਨ ਹੇਠਾਂ ਨੂੰ ਲਮਕਦੇ ਹੋਣ ਉਹ ਚਤੁਰ ਹੈ, ਆਕਰਸ਼ਨ ਕਰਨ ਵਾਲਾ। ਪਾਪ ਬਸ ਅਨਘੜਤ ਨਹੀ ਹੁੰਦਾ ਹੈ, ਜਿਸ ਤਰ੍ਹਾਂ ਕਿ ਤੁਸੁ ਸੋਚਦੇ ਹੋ। ਇਹੀ ਬਹੁਤ ਖਿਚ ਲੈਣ ਵਾਲਾ ਹੁੰਦਾ ਹੈ। ਇਸ ਲਈ ਸਾਨੂੰ ਇਸ ਦਾ ਬਹੁਤ ਧਿਆਨ ਰੱਖਣਾ ਪਵੇਗਾ। ਅਸੀਂ ਇਸ ਨੂੰ ਬੱਸ ਥੋੜੇ ਜਿਹੇ ਸਮੇਂ ਅੰਦਰ ਵੇਖਾਂਗੇ। ਮੈਂ ਕਿਸੇ ਹੋਰ ਬਾਰੇ ਸੋਚਿਆ ਸੀ। ਇਸ ਲਈ ਸ਼ੈਤਾਨ ਇਸ ਨੂੰ ਵੇਖਣ ਤੇ ਇੰਨਾਂ ਵਧੀਆ ਪੇਸ਼ ਕਰਦਾ ਹੈ, ਕਿ ਉਹਨਾਂ ਨੂੰ ਖਿਚ ਲਵੇ।

71 ਪਰ ਜੇਕਰ ਉਹ ਵਚਨ ਵਾਲੀ ਸੁਰਖਿਅਤ ਥਾਂ ਅੰਦਰ ਟਿਕੇ ਰਹਿਣ, ਵਚਨ ਹੀ ਉਹਨਾਂ ਦਾ ਕਿਲ੍ਹਾ ਰਹੇ, ਫਿਰ ਵੇਖੋ, ਤਾਂ ਹੀ ਉਹ ਬਲਵਾਨ ਹੋਣਗੇ। ਉਹ ਵਚਨ ਦੇ ਪਿੱਛੇ ਰਹਿਣਗੇ। ਵਚਨ ਉਹਨਾਂ ਦੇ ਅੱਗੇ ਮੋਹਰੀ ਹੋਵੇਗਾ, ਹਮੇਸ਼ਾ, ਸੱਜੇ—ਖੱਬੇ ਹੋਵੇਗਾ, **ਯਹੋਵਾਹ ਇਉਂ ਫਰਮਾਉਂਦਾ ਹੈ। "ਯਹੋਵਾਹ ਇਉਂ ਫਰਮਾਉਂਦਾ ਹੈ," "ਯਹੋਵਾਹ ਇਉਂ ਫਰਮਾਉਂਦਾ ਹੈ।"**

72 ਉਹਨਾਂ ਦੂਤਾਂ ਵਾਂਗ ਜੋ ਉਸ ਦਿਨ ਹੇਠਾਂ ਆਏ ਸਨ, ਜਦੋਂ ਯਸਾਯਾਹ ਉਹਨਾਂ ਨੂੰ ਹੈਕਲ ਵਿਚ ਮਿਲਿਆ ਸੀ। ਉਸਨੇ ਸੋਚਿਆ ਸੀ। ਉਹ ਵਧੀਆ ਹੀ ਢੰਗ ਨਾਲ ਸਹੀ ਸੁਚੱਜੀ ਤਰ੍ਹਾਂ, ਸ਼ਾਨਦਾਰ ਪ੍ਰਚਾਰਕ ਬਣ ਕੇ ਚਲ ਰਿਹਾ ਹੈ। ਪਾਤਸ਼ਾਹ ਨੂੰ ਉਹ ਠੀਕ ਵਧੀਆ ਲੱਗਦੀ ਸੀ, ਪਰ ਪਾਤਸ਼ਾਹ ਇੱਕ ਦਿਨ ਉਸ ਤੋਂ ਹਟਾ ਲਿਆ ਗਿਆ ਸੀ। ਅਤੇ ਉਹ ਜਗਵੇਦੀ ਤੇ ਝੁੱਕ ਕੇ ਗਿਆ ਅਤੇ ਇੱਕ ਦਰਸ਼ਨ ਵੇਖਣ ਲੱਗਾ, ਅਤੇ ਦੂਤਾਂ ਨੂੰ ਵੇਖਿਆ ਉਹਨਾਂ ਨੇ ਪ੍ਰਾਨ ਨਾਲ ਆਪਣੇ ਮੂੰਹ ਢਕੇ ਸਨ, ਅਤੇ ਉਹਨਾਂ ਨੇ ਪੈਰ ਵੀ ਢਕੇ ਸਨ ਦੂਤ ਦੋ ਪ੍ਰਾਨ ਨਾਲ ਇੱਕ ਪੁਕਾਰ ਕਰਦੇ ਉਡਦੇ ਸਨ, ਪਵਿਤਰ, ਪਵਿਤਰ, ਪ੍ਰਭੂ, ਪ੍ਰਭੂ ਯਹੋਵਾਹ ਸਰਬਸ਼ਕਤੀਮਾਨ। ਵੇਖੋ, ਜਿਸ ਪਾਸੇ ਵੀ ਉਹ ਗਏ।

73 ਹਿਜਕੀਏਲ ਨੇ ਦਰਸ਼ਨ ਦੇ ਨਜਾਰੇ ਨੂੰ *ਇਸ* ਇਕ ਢੰਗ ਨਾਲ ਵੇਖਿਆ, ਖੁਦਾ ਦਾ ਆਤਮਾ ਕੰਮ ਕਰ ਰਿਹਾ ਸੀ। ਇਹ ਇਕ ਵਹਿੜਕੇ ਦੇ ਚਿਹਰੇ ਵਰਗਾ

ਸੀ। *ਇਸ* ਪਾਸੇ ਬਬਰ ਸ਼ੇਰ ਵਰਗਾ ਸੀ। ਇਹ ਜਿਸ ਪਾਸੇ ਵੀ ਗਿਆ, ਇਹ ਦੇ ਹਰ ਪਾਸੇ ਵੀ ਚਿਹਰਾ ਸੀ, ਇਹ ਬਲਵਾਨ ਕੀਤਾ ਗਿਆ ਸੀ।

74 ਖੁਦਾ ਦਾ ਵਚਨ ਹੈ, ਹਰ ਪਾਸੇ ਰਸਤਾ ਨਹੀ ਹੁੰਦਾ। ਬਲਵਾਨ ਕੀਤਾ ਗਿਆ, ਰਸਤੇ ਆਲੇ—ਦੁਆਲੇ, ਹਰ ਥਾਂ, "**ਯਹੋਵਾਹ ਇਉਂ ਫ਼ਰਮਾਉਂਦਾ ਹੈ। ਯਹੋਵਾਹ ਇਉਂ ਫ਼ਰਮਾਉਂਦਾ ਹੈ।**" ਤੁਹਾਡੇ ਚਲਣ ਫਿਰਨ ਵਿਚ, ਗੱਲ ਬਾਤ ਅੰਦਰ, ਵਪਾਰ ਵਿਚ, ਤੁਹਾਡੇ ਮੇਲ ਮਿਲਾਪ ਅੰਦਰ, ਅਤੇ ਹਰੇਕ ਗੱਲ ਵਿਚ ਸਭ ਤੋਂ ਪਹਿਲਾਂ ਖੁਦਾ ਦੇ ਵਚਨ ਨੂੰ ਰੱਖੋ।

75 ਆਖੋ, "ਮੈਂ ਨਿਹਚਾ ਕਰਦਾ ਹਾਂ ਕਿ ਅੱਜ ਰਾਤ ਨੂੰ ਮੈਂ ਥੋੜ੍ਹੇ ਨਾਚ ਲਈ ਜਾਵਾਂਗਾ ਬੱਸ ਕਿਸੇ ਇੱਕ ਨੂੰ ਵੀ ਸੱਟ ਨਹੀਂ ਲੱਗਦੀ।" ਕੀ ਤੁਸੀਂ ਆਪਣੇ ਨਾਲ **ਯਹੋਵਾਹ ਇਉਂ ਫਰਮਾਉਂਦਾ ਹੈ**, ਨੂੰ ਨਾਲ ਲੈ ਜਾ ਸਕਦੇ ਹੋ? ਵੇਖਿਆ, ਵੇਖਿਆ ਜੇ? "ਮੇਰੀ ਨਿਹਚਾ ਹੈ ਜੇ ਕਰ ਇਸ ਤਰ੍ਹਾਂ ਦਾ ਛੋਟਾ ਵਰਤੋਂ ਵਿਹਾਰ ਕਰ ਸਕਾਂ ਬੱਸ ਇਹ ਥੋੜ੍ਹਾ ਕੁ ਭੱਧਾ ਹੋਵੇਗਾ।" ਪਰ ਕੀ ਤੁਸੀਂ ਇਸ ਨਾਲ **ਯਹੋਵਾਹ ਇਉਂ ਫ਼ਰਮਾਉਂਦਾ ਹੈ** ਕਹਿ ਸਕੋਗੇ? ਵੇਖੋ?

76 ਉਸੇ ਨੂੰ ਪਹਿਲ ਦਿਓ, ਬਲ ਨੂੰ ਫੜੀ ਰੱਖੋ, ਕਿਉਂਕਿ ਉਹੀ ਸਾਡਾ ਕਿਲਾ ਹੈ, ਉਹੀ ਪੂਰੀ ਤਾਣ ਹੈ।

77 ਪਰ ਕੀ ਤੁਸੀਂ ਜਾਣਦੇ ਹੋ ਤੁਸੀਂ ਇਹ ਨੂੰ ਰੱਦਣਾ ਹੈ,...ਨਿਯਮ ਅਨੁਸਾਰ ਸ਼ਤਾਨ ਦੇ ਝੂਠ ਤੇ ਨਿਹਚਾ ਕਰਨ ਤੋਂ ਪਹਿਲਾਂ, ਤੁਸੀਂ ਰੱਦਣਾ ਅਤੇ ਪਹਿਲਾਂ ਹੀ ਖੁਦਾ ਦੇ ਵਚਨ ਦੀ ਸਚਾਈ ਦਾ ਇਨਕਾਰ ਕਰ ਦੇਣਾ ਹੁੰਦਾ ਹੈ, ਸ਼ੈਤਾਨ ਦੇ ਝੂਠ ਤੇ ਨਿਹਚਾ ਕਰਨ ਤੋਂ ਪਹਿਲਾਂ ਰੱਦ ਕੇ ਇਨਕਾਰੀ ਹੋਣਾ ਹੈ। ਤੁਸੀਂ ਕਦੇ ਇਸ ਦੇ ਬਾਰੇ ਸੋਚਦੇ ਹੋ? ਇੱਕ ਝੂਠ ਤੇ ਵਿਸ਼ਵਾਸ ਕਰਨ ਤੋਂ ਪਹਿਲਾਂ ਹੀ ਸਚਾਈ ਤੁਸੀਂ ਨੂੰ ਰੱਦ ਕਰ ਦੇਣਾ ਹੁੰਦਾ ਹੈ, ਸਹੀ ਗੱਲ। ਇਸ ਦੇ ਇਨਕਾਰੀ ਹੋਣਾ ਹੁੰਦਾ ਹੈ।

78 ਹਵਾਹ ਨੇ ਇਸ ਦਾ ਪਿਛਾ ਛੱਡ ਦਿੱਤਾ ਅਤੇ ਮੈਦਾਨ ਹਰ ਬੈਠੀ। ਜਦੋਂ ਤੱਕ ਹਵਾ...ਸ਼ੈਤਾਨ ਉਥੇ ਪਿਛਾਂਹ ਹੋ ਕੇ ਖੜਾ ਸੀ, ਆਪਣਾ ਨਿਸ਼ਾਨਾ ਬੰਨ ਰਿਹਾ ਸੀ। ਉਹ ਬੋਲੀ, "ਪਰ ਇਹ ਗੱਲ ਪ੍ਰਭੁ ਨੇ ਆਖੀ ਹੈ..." ਅਤੇ ਉਸਨੇ ਫਿਰ ਦੁਬਾਰਾ ਨਿਸ਼ਾਨਾ ਕੀਤਾ। ਉਹ ਕਹਿਣ ਲੱਗੀ, "ਪਰ ਇਹ ਗੱਲ ਤਾਂ ਪ੍ਰਭੁ ਨੇ ਆਖੀ ਹੈ..." ਇਸ ਕਾਰਨ ਉਸ ਨੇ ਫਿਰ ਕਿਸੇ ਹੋਰ ਢੰਗ ਨਾਲ ਵਾਰ ਕੀਤਾ। "ਪਰ ਪ੍ਰਭੁ ਨੇ ਆਖਿਆ ਹੈ..."

79 ਪਰ ਸ਼ੈਤਾਨ ਨੇ ਮੁੜ ਉਸੇ ਤੇ ਪੁਸ਼ਤੀ ਅਤੇ ਹੰਭਲਾ ਮਾਰ ਕੇ ਆਖਿਆ, ਪਰ ਇੱਕ ਪਲ ਰੁੱਕ ਜਾ, ਜੇ ਕਰ ਇਹ ਗੱਲ ਪ੍ਰਭੂ ਨੇ ਆਖੀ ਹੈ, ਬੱਸ ਕੀ ਮੈਂ ਤੈਨੂੰ ਕੁਝ ਦੱਸ ਸਕਦਾ ਹਾਂ, ਤੈਨੂੰ ਪਤਾ ਰਹੇ, ਤੂੰ ਖੁਦਾ ਵਰਗੀ ਬੁਧੀਮਾਨ ਨਹੀ ਹੈ।

ਤੈਨੂੰ ਭਲੇ ਅਤੇ ਬੁਰੇ ਦੀ ਸਿਆਣ ਦਾ ਪਤਾ ਨਹੀ ਹੈ। ਪਰ ਜੇ ਕਰ...ਸੁਣੋ। ਤੂੰ ਖੁਦਾ ਵਾਂਗ ਬੁਧੀਮਾਨ ਨਿਹਚਾਹਿਣ ਚਾਹੇਗੀ?

80 "ਕਿਉਂ" ਹਵਾ ਨੇ ਆਖਿਆ, "ਹਾਂ, ਮੈਂ—ਮੈਂ—ਮੈਂ ਨਿਹਚਾ ਕਰਦੀ ਹਾਂ ਮੈਂ ਹੋਵਾਂਗੀ।" ਹੋ ਸਕਦਾ ਹੈ ਕੁਝ ਅਜਿਹਾ ਹੋਵੇ। "ਮੈਂ ਨਿਹਚਾ ਕਰਦੀ ਹਾਂ, ਬੱਸ ਮੈਂ ਚਾਹਾਂਗੀ ਕਿ ਖੁਦਾ ਦੀ ਸਾਰੀ ਬੁਧੀ ਨੂੰ ਜਾਨਣਾ। ਮੈਂ ਭਲੇ ਅਤੇ ਬੁਰੇ ਦੀ ਸਿਆਣ ਕਰਨਾ ਚਾਹਾਂਗੀ, ਮੈਂ ਇਹ ਨਹੀ ਜਾਣਦੀ ਹਾਂ।"

"ਠੀਕ ਹੈ, ਮੈਂ ਤੈਨੂੰ ਦੱਸਾਂਗਾ।"

ਹੁਣ, ਉਹ ਬੋਲੀ, "ਪਰ ਪਰ ਪ੍ਰਭੂ ਨੇ ਆਖਿਆ ਹੈ..."

81 "ਠੀਕ ਹੈ ਯਕੀਨਨ, ਤੂੰ ਜਾਣਦੀ ਹੈਂ ਉਹ ਇੱਕ ਭਲਾ ਖੁਦਾ ਹੈ, ਉਹ ਉਸ ਤਰ੍ਹਾਂ ਨਹੀਂ ਕਰਦਾ ਹੈ।" ਵੇਖੋ?

82 ਠੀਕ ਇਥੇ ਹੀ ਉਸਨੇ ਸਭ ਭੰਨ ਸੁੱਟਿਆ। ਇਸ ਤਰ੍ਹਾਂ ਉਹ ਨਿਸ਼ਾਨਾ ਬਣਾ ਸਕਿਆ। ਠੀਕ ਉਥੇ ਹੀ ਹਵਾ ਨੇ ਗਲਤ ਕਦਮ ਭਰਿਆ, ਠੀਕ ਉਸੇ ਥਾਂ ਤੇ ਉਹ ਥੋੜ੍ਹਾ ਕੁ ਰੁੱਕ ਗਈ।

83 ਹੁਣ ਲਓ ਮਸੀਹੋ ਮੈਨੂੰ ਕੁਝ ਇਥੇ ਤੁਹਾਨੂੰ ਬਿਆਨ ਕਰ ਲੈਣ ਦਿਓ। ਤੁਸੀਂ ਕਦੇ ਵੀ। ਇੱਕ ਸੈਕੰਡ ਲਈ ਸ਼ੈਤਾਨ ਲਈ ਨਾ ਰੁਕੋ, ਨਾ ਹੀ ਕਾਰਨ ਖੜੇ ਕਰਨ ਲਈ ਠਹਿਰੋ। ਜਦ ਹੀ ਤੁਸੀਂ ਇਸ ਦੇ ਕਾਰਨ ਪੁਛਦੇ ਹੋ, ਠੀਕ ਉਸੇ ਸਮੇਂ ਸ਼ੈਤਾਨ ਹਾਜਰ ਹੋ ਜਾਂਦਾ ਹੈ। ਤੁਸੀਂ ਖੁਦਾ ਨੂੰ ਕਾਰਨ ਨਹੀ ਪੁੱਛ ਸਕਦੇ। ਤੁਸੀਂ ਖੁਦਾ ਨੂੰ ਸਮਝ ਨਹੀ ਸਕਦੇ। ਸਿਰਫ ਤੁਸੀਂ ਖੁਦਾ ਤੇ ਨਿਹਚਾ ਕਰਨੀ ਹੈ। ਸਮਝੇ? ਮੈਂ ਖੁਦਾ ਨੂੰ ਬਿਆਨ ਨਹੀ ਕਰ ਸਕਦਾ। ਕੋਈ ਨਹੀ ਕਰ ਸਕਦਾ ਹੈ। ਮੈਂ ਬਹੁਤ ਗੱਲਾਂ ਬਿਆਨ ਨਹੀ ਕਰ ਸਕਦਾ। ਪਰ ਸਿਰਫ ਇੱਕ ਗੱਲ ਹੈ ਮੈਂ ਕੇਵਲ ਉਸ ਦੀ ਨਿਹਚਾ ਕਰਨੀ ਹੈ, ਕਿਉਂ ਜੋ ਉਸ ਨੇ ਆਖਿਆ ਹੈ। ਸਾਡੇ ਵਿਚੋਂ ਕੋਈ ਇਕ ਵੀ ਉਸ ਦੀ ਵਿਆਖਿਆ ਪੇਸ਼ ਨਹੀ ਕਰ ਸਕਦਾ ਹੈ। ਉਸਦੀ ਵਿਆਖਿਆ ਕਰਨ ਦੀ ਕੋਸ਼ਿਸ਼ ਨਾ ਕਰੋ।

84 ਉਹਨਾਂ ਨਿਹਚਾਹੀਨ ਨਾਲ ਸੰਗਤ ਨਾ ਕਰੋ ਜੋ ਆਖਦੇ ਹਨ, "ਖੈਰ, ਹੁਣ ਵੇਖੋ ਉਸ ਸਥਾਨ ਅੰਦਰ ਸਾਡਾ ਪਾਸਟਰ, ਜੂਨਿਯਰ, ਮੈਂ ਉਸ ਨੂੰ ਰੋਗੀ ਲਈ ਬੇਨਤੀ ਕਰਦੇ ਸੁਣਿਆ ਹੈ। ਤੁਸੀਂ ਹੁਣ ਇਥੇ ਝੱਲੇ ਹੀ ਹੋ। ਉਹ ਇਲਾਹੀ ਸ਼ਿਫਾ ਵਰਗੀ ਇੱਕ ਵੀ ਗੱਲ ਨਹੀ ਹੈ।"

85 ਆਖਦੇ ਹੋ, "ਬਿਲਕੁਲ ਠੀਕ ਹੈ, ਉਹ ਤੁਹਾਡੇ ਲਈ ਨਹੀ ਹੈ, ਤੱਦ, ਤੁਸੀਂ ਇੱਕ ਨਿਹਚਾਹੀਨ ਹੋ।" ਅਤੇ ਬਸ ਤੁਸੀਂ ਤੁਰੇ ਜਾਓ। ਸਮਝੇ? ਇਹ ਤਾਂ ਬਸ ਨਿਹਚਾਵਾਨਾ ਲਈ ਹੈ। ਸਮਝੇ? ਨਾ ਕਰੋ...

86 “ਠੀਕ ਹੈ ਤੁਸੀਂ ਸਭ ਆਖਦੇ ਹੋ ਤੁਸੀਂ ਪਵਿਤਰ ਆਤਮਾ ਪਾਇਆ ਹੈ, ਪਵਿਤਰ ਆਤਮਾ ਵਰਗੀ ਇੱਕ ਵੀ ਚੀਜ ਨਹੀ ਹੈ।”

ਆਖੋ, “ਇਹ ਤੁਹਾਡੇ ਲਈ ਨਹੀ ਹੈ, ਫਿਰ ਇਹ ਮੇਰੇ ਲਈ ਹੈ।” ਸਮਝੇ? ਸਮਝੇ?

87 ਕਾਰਨ ਨਾ ਖੜ੍ਹਾ ਕਰੋ, ਕਾਰਨ ਖੜ੍ਹਾ ਕਰਨ ਦੀ ਕੋਸ਼ਿਸ਼ ਨਾ ਕਰੋ, ਇਸ ਅੰਦਰ ਕਾਰਨ ਪੁਛਣ ਵਾਲੀ ਕੋਈ ਗੱਲ ਨਹੀ ਹੈ। ਤੁਸੀਂ ਕੇਵਲ ਇਹਦੀ ਨਿਹਚਾ ਕਰੋ। ਤੁਸੀਂ ਇਕ ਗੱਲ ਦਾ ਵੀ ਕਾਰਨ ਨਾ ਪੁਛੋ, ਕਿਉਂ ਜੋ, ਯਾਦ ਰੱਖੋ, ਤੁਸੀਂ ਇੱਕ ਹੀ ਰਾਹ ਨਾਲ ਖੁਦਾ ਨੂੰ ਕਬੂਲ ਕਰ ਸਕਦੇ ਹੋ ਨਿਹਚਾ ਨਾਲ, ਕਾਰਨਾ ਨਾਲ ਨਹੀ, ਸਮਝ ਨਾਲ ਨਹੀ, ਬਿਆਨ ਕਰਨ ਦੇ ਯੋਗ ਨਹੀ ਹੈ, ਤੁਸੀਂ ਕੁਝ ਵੀ ਬਿਆਨ ਨਾਂ ਕਰੋ। ਤੁਸੀਂ ਕਿਸੇ ਚੀਜ ਦੀ ਨਿਹਚਾ ਕਰੋ, ਨਾ ਕਿ ਉਹ ਜੋ ਤੁਸੀਂ ਮਹਿਸੂਸ ਕਰਦੇ ਹੋ। ਯਿਸੂ ਨੇ ਕਦੇ ਨਹੀ ਆਖਿਆ, “ਕੀ ਤੁਸੀਂ ਇਸਨੂੰ ਮਹਿਸੂਸ ਕਰਦੇ ਹੋ?” ਉਸਨੇ ਆਖਿਆ, “ਕੀ ਤੁਸੀਂ ਇਸ ਤੇ ਨਿਹਚਾ ਕਰਦੇ ਹੋ?” ਉਹ ਸਹੀ ਗੱਲ ਹੈ। ਤੁਸੀਂ ਬਸ ਜੋ ਖੁਦਾ ਆਖੇ ਉਸੇ ਦੀ ਨਿਹਚਾ ਕਰੋ, ਮੈਂ ਤੁਹਾਨੂੰ ਨਹੀ ਬਿਆਨ ਕਰ ਸਕਦਾ ਹਾਂ, ਉਹ ਕਿਸ ਤਰ੍ਹਾਂ ਕਰਦੇ ਹਨ। ਉਹ ਕਿਸ ਤਰ੍ਹਾਂ ਇੱਕ ਹੋ ਸਕਦਾ...। ਕੀ ਇਕ ਮਹਾਨ ਅਚਰਜ ਕੰਮ ਨੂੰ ਮੈਂ ਸੋਚ ਕੇ ਦਸ ਸਕਾਂ ਕਿ ਉਹ ਇੱਕ ਮਨੁੱਖ ਕਰਦਾ...

88 ਜਿਸ ਤਰ੍ਹਾਂ, ਇੱਕ ਸੂਰ ਨੂੰ ਲੈ ਕੇ, ਅਤੇ ਉਸ ਸੂਰ ਨੂੰ ਦੱਸੋ, “ਤੈਨੂੰ ਪਤਾ ਹੈ, ਤੂੰ ਹੁਣ ਅੱਗੇ ਲਈ ਸੂਰ ਨਹੀ ਰਿਹਾ ਹੈਂ। ਤੂੰ ਇੱਕ ਲੇਲਾ ਹੈਂ।” ਅਤੇ ਉਹ ਇੱਕ ਲੇਲਾ ਬਣ ਜਾਂਦਾ ਹੈ। ਸਮਝੇ? ਉਹਦੀ ਨਿਹਚਾ ਕਰਨੀ ਔਖੀ ਹੋਵੇਗੀ।

89 ਠੀਕ ਹੈ ਇਹ ਉਹੀ ਗੱਲ ਹੈ ਜੋ ਬੀਤਦੀ ਹੈ, ਜਦ ਤੁਸੀਂ ਇਕ ਪਾਪੀ ਤੋਂ ਇਕ ਮਸੀਹੀ ਤਬਦੀਲ ਹੁੰਦੇ ਹੋ। ਸਮਝੇ? ਇਹ ਤੁਹਾਡੇ ਆਪਣੇ ਵਿਚਾਰ ਹਨ ਜੋ ਬਦਲ ਜਾਂਦੇ ਹਨ। ਇਹ ਹਰੇਕ ਚੀਜ ਜੋ ਤੁਹਾਡੇ ਅੰਦਰ ਹੈ ਬਦਲ ਜਾਂਦੀ ਹੈ। ਅਤੇ ਇਹ ਤੁਹਾਨੂੰ ਕਿਸੇ ਹੋਰ ਜੀਵਨ ਅੰਦਰ ਲੈ ਕੇ ਆਉਂਦੀ ਹੈ, ਅਤੇ ਤੁਹਾਨੂੰ ਹੋਰ ਹੀ ਆਤਮਾ ਦਿੰਦਾ ਹੈ, ਜੋ ਹੋਰ ਹੀ ਰਿਕਾਰਡ ਪੈਦਾ ਕਰਦਾ ਹੈ। ਸਮਝੇ? ਫਿਰ ਤੁਹਾਡੇ ਪੁਰਾਣੇ ਜੀਵਨ ਨੇ ਮਰਨਾ ਹੀ ਹੈ ਅਤੇ ਇੱਕ ਨਵੇਂ ਜੀਵਨ ਨੇ ਫਿਰ ਜਨਮ ਲੈਣਾ ਹੀ ਹੈ। ਅਤੇ ਫਿਰ ਵੇਖੋ, ਫਿਰ ਤੁਸੀਂ ਜੋ ਬਣੇ ਸੀ ਉਹ ਕਦੇ ਵੀ ਨਹੀ ਰਹਿਣਾ ਹੈ। ਉਹੋ ਕੁਝ ਹੈ ਜੋ ਤੁਸੀਂ ਲਹੂ ਨਾਲ ਹੁੰਦੇ ਹੋ, ਵਚਨ ਨਾਲ ਸੁਰਖਿਅਤ ਹੁੰਦੇ ਹੋ! ਕੁਝ ਵੀ ਬਿਆਨ ਕਰਨ ਦੀ ਕੋਸ਼ਿਸ਼ ਨਾ ਕਰੋ। ਬਸ ਨਿਹਚਾ ਰਾਹੀਂ ਇਸ ਤੇ ਅੱਗੇ ਵਧੋ। “ਪ੍ਰਭੂ ਮੈਂ ਨਿਹਚਾ ਕਰਦਾ ਹਾਂ, ਮੁਕਤੀਦਾਤੇ, ਮੇਰੀ ਆਪਣੇ ਅੰਦਰ ਨਿਹਚਾ ਵਧਾ, ਇੱਥੋਂ ਤੱਕ ਕਿ ਪਹਾੜ ਇਸ ਨਾਲ ਹੱਟ ਜਾਣ।” ਸਮਝੇ?

"ਪ੍ਰਭੂ ਮੈਂ ਨਿਹਚਾ ਕਰਦਾ ਹਾਂ, ਇਸ ਲਈ ਮੇਰੇ ਸਭ ਛਕ ਦੇ ਚਸ਼ਮੇਂ ਅੰਦਰ ਦਫਨ ਹਨ।"

90 ਕੀ ਹੁੰਦਾ ਜੇ ਕਰ ਅਬਰਾਹਮ ਨੂੰ ਪੁਛਿਆ ਜਾਂਦਾ, ਡਾਕਟਰ ਨੇ ਆ ਕੇ ਦੱਸਿਆ ਸੀ ਕਿ, "ਅਬ੍ਰਾਹਮ ਤੂੰ ਸੌ ਸਾਲਾਂ ਦਾ ਹੈਂ। ਤੇਰੀ ਪਤਨੀ ਨੱਬਿਆਂ ਸਾਲਾਂ ਦੀ ਹੈ, ਤੇਰੇ ਕਿਸ ਤਰ੍ਹਾਂ ਇਕ ਪੁਤ੍ਤਰ ਹੋਵੇਗਾ?"

91 ਹੁਣ ਅਬ੍ਰਾਹਮ ਨੇ ਆਖਿਆ, "ਠੀਕ ਹੈ, ਹੁਣ, ਮੈਂ ਤੁਹਾਨੂੰ ਦੱਸਾਂਗਾ, ਇਹ *ਕਿਸ* ਤਰ੍ਹਾਂ ਹੈ। ਤੁਸੀਂ ਵੇਖੋ, ਇੱਕ ਇਸ ਤਰ੍ਹਾਂ ਦਾ ਸਮਾਂ ਆਏਗਾ, ਅਸੀਂ ਇੱਕ ਖਾਸ ਤਰ੍ਹਾਂ ਦੀ ਚੀਜ਼ ਪੀਣ ਜਾ ਰਹੇ ਹਾਂ, ਅਤੇ ਇਹ *ਇਸ* ਕੰਮ ਨੂੰ ਕਰੇਗੀ। ਅਤੇ ਇਸ ਤਰ੍ਹਾਂ ਦੀ ਤਬਦੀਲੀ ਹੋਣ ਜਾ ਰਹੀ ਹੈ..." ਅਬ੍ਰਾਹਮ ਬਿਆਨ ਨਹੀ ਕਰ ਸਕਿਆ।

92 ਅਬ੍ਰਾਹਮ ਨੇ ਕੁਝ ਇਸ ਤਰ੍ਹਾਂ ਦਾ ਆਖਿਆ, "ਮੈਂ ਨਹੀ ਜਾਣਦਾ ਹਾਂ, ਮੈਂ ਤੁਹਾਡੇ ਨਾਲੋਂ ਵੱਧ ਕੇ ਇਸ ਬਾਰੇ ਨਹੀ ਜਾਣਦਾ ਹਾਂ। ਸਿਰਫ ਇੱਕ ਗੱਲ ਹੈ ਜਿਸ ਤੇ ਮੈਂ ਠਹਿਰਿਆ ਹੋਇਆ ਹਾਂ, ਉਸ ਨੇ ਆਖਿਆ ਹੈ ਸਾਨੂੰ ਮਿਲੇਗਾ। ਅਤੇ ਮੈਂ ਇਸ ਦੀ ਇੰਤਜ਼ਾਰ ਵਿਚ ਹਾਂ।" ਬੋਲਿਆ ਹਾਂ ਸ਼੍ਰੀਮਾਨ ਜੀ।

93 ਹੁਣ, ਉਸ ਦਾ ਸਭ ਕੁਝ ਜੋ ਹੁੰਦਾ ਹੈ ਉਹੀ ਹੈ। ਬਸ ਇਹ ਨੂੰ ਕਬੂਲ ਕਰੋ, ਇਹਦੀ ਨਿਹਚਾ ਕਰੋ। "ਖੁਦਾ ਜੋ ਬੋਲਿਆ ਹੈ।" ਅਤੇ—ਅਤੇ ਉਹ ਉਹੀ ਸਭ ਚੀਜ਼ ਹੋ ਜਾਂਦੀ ਹੈ ਕਿਉਂ ਜੋ ਖੁਦਾ ਨੇ ਇਹ ਆਖਿਆ ਹੈ।

94 ਹੁਣ, ਅਸੀਂ ਵੇਖਦੇ ਹਾਂ। ਹਵਾਹ, ਲੜਾਈ ਦੇ ਮੈਦਾਨ ਅੰਦਰ ਹਾਰ ਖਾ ਰਹੀ ਹੈ, ਉਹ ਵਚਨ ਦਾ ਪਿਛਾ ਛੱਡ ਚੁੱਕੀ ਹੈ, ਬਚਾਓ ਵਾਲੀ ਧਰਤੀ ਅੰਦਰ ਪੁੱਟੇ ਮੋਰਚੇ ਤੋਂ ਨਿਕਲ ਕੇ ਉਹ ਆ ਚੁੱਕੀ ਹੈ ਅਤੇ ਆਖਦੀ ਹੈ, "ਤੁਸੀਂ ਇਸ ਪ੍ਰਕਾਰ ਨਾ ਆਖੋ? ਕੀ ਉਹ ਸਚਾਈ ਹੈ?" ਉਹ ਠੀਕ ਇਥੇ ਹੀ ਗੁਆਚ ਚੁੱਕੀ ਹੈ।

95 "ਖੈਰ, ਤੁਸੀਂ ਜਾਣਦੇ ਹੋ, ਉਹ ਦੀ ਸਿਖਿਆ ਅਸੀਂ ਆਪਣੀ ਕਲੀਸਿਯਾ ਅੰਦਰ ਪੇਸ਼ ਨਹੀ ਕਰਦੇ ਹਾਂ। ਅਸੀਂ *ਉਸੇ* ਦੀ ਨਿਹਚਾ ਕਰਦੇ ਹਾਂ

96 "ਹਾਂ, ਪਰ ਸੁਣੋ ਪਿਆਰੇ, ਤੁਸੀਂ ਉਸ ਨਾਲੋਂ ਵਧੀਆ ਜਾਣਦੇ ਹੋ। ਤੁਹਾਨੂੰ ਤੁਹਾਡੀ ਆਮ ਸਮਝ ਦਸੇਗੀ ਕਿ ਉਹ ਗੱਲ ਸਹੀ ਨਹੀ ਹੈ। ਕਿਉਂ, ਮੈਂ ਬਸ ਉਹਨਾਂ ਲੋਕਾਂ ਨੂੰ ਰੋਂਦੇ ਅਤੇ ਪੁਕਾਰਦੇ ਸੁਣਿਆ ਹੈ, ਉਹ ਕਿਸ ਬਾਰੇ ਚਿਲਾਉਂਦੇ ਹਨ? ਸਮਝੇ? ਹੁਣ, ਤੁਹਾਨੂੰ ਸਧਾਰਣ ਸਮਝ ਦਸੇਗੀ, ਕਿ ਉਹਨਾਂ ਦੇ ਕੰਮ ਬਸ ਇਵੇਂ ਹੀ ਹਨ। ਉਹ ਜਜਬਾਤੀ ਹਨ। ਵੇਖੋ," ਜੇ ਕਰ ਉਹ ਤੁਸੀਂ ਨਹੀ ਸੁਣਦੇ, ਤਾਂ ਤੁਸੀਂ ਲੜਾਈ ਦੇ ਮੈਦਾਨ ਵਿਚ ਹਰ ਬੈਠਦੇ ਹੋ।

97 ਜੇ ਕਰ ਤੁਸੀਂ ਆਖੋ, "ਹਾਂ, ਹੁਣ ਇੱਕ ਮਿੰਟ ਲਈ ਇੰਤਜਾਰ ਕਰੋ ਤੁਹਾਡੇ ਡਾਕਟਰ ਨੇ ਆਖਿਆ ਹੈ ਕਿ ਤੁਹਾਨੂੰ ਟੀਬੀ ਹੋਈ ਸੀ। ਅਤੇ ਇਹ—ਇਹ ਦੀ

ਹਾਲਤ ਬਹੁਤ ਖਤਰਨਾਕ ਹੈ। ਅਤੇ ਉਸ ਟੀਬੀ ਦੇ ਠੀਕ ਹੋਣ ਲਈ ਕੋਈ ਰਾਹ ਨਹੀ ਰਹਿ ਗਿਆ ਹੈ। ਡਾਕਟਰ ਨੇ ਦੱਸਿਆ ਸੀ ਕਿ ਚੰਗੀ ਹੋਣ ਵਾਲੀ ਨਹੀ ਸੀ। ਹੁਣ ਇਹ ਸਧਾਰਨ ਸਮਝ ਨਹੀ ਆਖਦੀ ਹੈ?" ਠੀਕ ਹੈ, ਜੇ ਕਰ ਤੁਸੀਂ ਕਾਰਨਾ ਤੇ ਹੀ ਨਿਰਭਰ ਰਹਿਣ ਜਾ ਰਹੇ ਹੋ, ਤਾਂ ਤੁਸੀਂ ਜਰੂਰ ਮਰਨ ਲਈ ਤਿਆਰ ਰਹੋਗੇ।

98 ਪਰ ਜੇ ਕਰ ਪ੍ਰਭੂ ਨੇ ਵਾਦਾ ਦਿੱਤਾ ਹੈ, ਉਹ ਦੇ ਵੱਲ ਜਾ ਰਹੇ ਹੋ, ਅਤੇ ਤੁਸੀਂ ਉਸਦੀ ਨਿਹਚਾ ਕਰ ਸਕਦੇ ਹੋ, ਇਹ ਸਾਰੇ ਅਡੰਬਲ ਨੂੰ ਬਦਲ ਸੁੱਟਦਾ ਹੈ।

99 ਹੁਣ, ਇਹ ਉਸੇ ਢੰਗ ਨਾਲ ਬਦਲਦਾ ਹੈ, ਇਸੇ ਹੀ ਰਸਤੇ ਨਾਲ ਉਥੋਂ ਤੱਕ ਮੇਰੇ ਲਈ ਬਦਲ ਗਿਆ। ਸਮਝ ਗਏ? ਮੈਂ ਸਿਰਫ ਇਹਦੀ ਨਿਹਚਾ ਕਰਦਾ ਹਾਂ। ਪਤਾ ਨਹੀ ਇਹ ਕਿਸ ਤਰ੍ਹਾਂ ਹੋਇਆ, ਪਰ ਨਵੀਂ ਇੱਕ ਰਚਨਾ ਬਣ ਗਈ ਸੀ। ਮੈਂ ਸਭਾਵਕ ਹੋ ਗਿਆ, ਮੈਂ ਕਲੀਸਿਯਾ ਛੱਡ ਦਿੱਤੀ ਸੀ ਮੈਂ…

100 ਇੱਕ ਜਣੇ ਨੇ ਮੈਨੂੰ ਦੱਸਿਆ, ਜਦ ਮੈਂ ਮੁੱਕੇਬਾਜੀ ਦਾ ਕੰਮ ਕਰਦਾ ਸੀ… ਮੈਂ ਆਪਣੇ ਧੰਦੇ ਦੀ 15ਵੀ ਲੜਾਈ ਲੜ ਰਿਹਾ ਸਾਂ, ਉਥੇ ਹੇਠਾਂ ਇਵੰਜਵਿਲੇ ਇੰਡਿਆਨਾ ਵਿਚ। ਹਾਵਡ ਮੈਕਲਿਅਨ, ਤੁਹਾਡੇ ਵਿਚੋਂ ਬਹੁਤੇ ਜੋ ਨਵੀਂ ਅਲਬਨੀ ਦੇ ਹੋ ਉਥੇ ਉਹ ਨੂੰ ਜਾਣਦੇ ਹੋ ਅਤੇ ਅਸੀਂ ਉੱਪਰ ਗਲੀ ਨੂੰ ਜਾ ਰਹੇ ਸਾਂ ਅਤੇ ਹਵਡ ਭਾਰੀ ਘੋੜ ਸਵਾਰ ਸੀ ਅਤੇ ਮੈਂ ਛੋਟਾ ਜਿਹਾ ਉਦਮੀ ਬੰਦਾ ਸੀ। ਮੈਂ ਦੱਖਣੀ ਵਰਜੀਨੀਆ ਦੇ ਹਨਟਿੰਗਟਨ ਦੇ ਬਿਲੀ ਫ੍ਰੈਕ ਨਾਲ ਮੁੱਕੇਬਾਜੀ ਕਰ ਰਿਹਾ ਸੀ। ਉਹਨਾਂ ਦਿਨਾਂ ਅੰਦਰ ਇਸ ਤਰ੍ਹਾਂ ਦਾ ਨੀਲਾ ਸੂਟ ਪਾਇਆ ਸੀ। ਮੇਰੇ ਛੋਟੇ ਵਾਲ ਸਨ। ਅਤੇ ਮੈਂ ਉੱਪਰ ਨੂੰ ਗਲੀ ਵੱਲ ਜਾ ਰਿਹਾ ਸੀ, ਅਸੀਂ ਉਸ ਰਾਤ ਨੂੰ ਮੁੱਕੇਬਾਜੀ ਲਈ ਤਿਆਰੀ ਕਰਨ ਲਈ 3 ਵਜੇ ਹੀ ਰਾਤ ਦਾ ਖਾਣਾ ਖਾ ਲਿਆ। ਅਸੀਂ ਆਰਾਮ ਲਈ ਉਸੇ ਵੇਲੇ ਅੰਦਰ ਜਾ ਰਹੇ ਸੀ। ਅਤੇ ਉਸ ਵੇਲੇ ਸਾਰੇ ਹੱਥ ਢੱਕੇ ਹੋਏ ਸਨ। ਅਤੇ ਹਾਵਡ ਨੇ ਮੈਨੂੰ ਆਖਿਆ, "ਤੈਨੂੰ ਪਤਾ ਹੈ ਬਿਲ ਕੀ ਗੱਲ ਹੈ?"

ਮੈਂ ਆਖਿਆ, "ਕੀ ਹੈ?"

ਬੋਲਿਆ, "ਤੂੰ ਇੱਕ ਛੋਟੇ ਬੈਪਟਿਸਟ ਪ੍ਰਚਾਰਕ ਵਾਂਗੂ ਹੈਂ।"

101 ਅਤੇ ਉਹ ਮੈਨੂੰ ਕੁਝ ਵੀ ਕਹਿ ਕੇ ਪੁਕਾਰ ਸਕਦਾ ਸੀ। ਮੈਂ ਕਦੇ ਨਹੀ…ਮੈਂ ਮੁੜਿਆ ਅਤੇ ਆਖਿਆ, "ਹੁਣ, ਹਾਵਡ ਇੱਕ ਮਿੰਟ ਲਈ ਰੁਕੋ। ਹੁਣ, ਜਦ ਤੁਸੀਂ ਇਸ ਤਰ੍ਹਾਂ ਆਖਦੇ ਹੋ ਤਾਂ ਹਸਦੇ ਹੋ।" (ਭਾਈ ਬ੍ਰਾਨਹਮ ਅਤੇ ਸਭਾ ਹੱਸਦੀ ਹੈ—ਸੰਪਾਦਕ) ਮੈਂ, *ਉਸ* ਉੱਚੀ ਥਾਂ ਤੇ ਪਰ ਮੈਂ ਠੀਕ ਉਸੇ ਤੇ ਚੜਨ ਲਈ ਤਿਆਰ ਸਾਂ। ਮੈਨੂੰ ਪ੍ਰਚਾਰਕ ਹੋਣ ਲਈ ਕੁਝ ਨਹੀਂ ਚਾਹੀਦਾ ਹੈ।

102 ਅਤੇ ਵੱਡੀ ਪ੍ਰਸੰਸਾ ਜੋ ਉਹ ਮੈਨੂੰ ਦੇ ਸਕਿਆ, ਜਦ ਕੋਈ ਆਖਦਾ ਹੈ, "ਭਾਈ ਬ੍ਰਾਨਹਮ, ਤੁਸੀਂ ਇੱਕ ਪ੍ਰਚਾਰਕ ਵਿਖਾਈ ਦਿੰਦੇ ਹੋ।"

ਮੈਂ ਆਖਿਆ, "ਖੁਦਾ ਦੀ ਮਹਿਮਾ ਹੋਵੇ?" ਵੇਖੋ? ਵੇਖੋ?

103 ਮਾਮਲਾ ਕੀ ਹੈ? ਮੈਂ ਮਰ ਚੁੱਕਾ ਹਾਂ। ਅਤੇ ਮੈਂ ਇਕ ਨਵੀਂ ਸ੍ਰਿਸ਼ਟੀ ਹਾਂ, "ਭਾਈ ਬ੍ਰਾਨਹਮ ਤੁਸੀਂ ਕਿਸ ਤਰ੍ਹਾਂ ਦਾ ਨੁਕਸਾ ਅਤੇ ਦਵਾਈ ਲੈਂਦੇ ਹੋ?" "ਉਸਨੇ ਇਹ ਕਿਸ ਤਰ੍ਹਾਂ ਕੀਤਾ ਹੈ?" ਮੈਨੂੰ ਪਤਾ ਨਹੀ। ਪਰ ਕੁਝ ਵੀ ਹੈ ਮੈਂ ਇਹ ਦੀ ਨਿਹਚਾ ਕਰਦਾ ਹਾਂ। ਮੈਂ ਕਦੇ ਵੀ ਕੁਝ ਜੋ ਕਿ ਇਕ ਪਾਪੀ ਸਾਂ। ਉਸ ਵਿਚੋਂ ਉਠਾ ਖੜ੍ਹਾ ਕੀਤਾ ਗਿਆ ਹਾਂ। ਉਸਨੇ ਇਹ ਕੀਤਾ ਹੈ, ਕਿਉਂ ਜੋ ਮੈਂ ਉਸ ਦਾ ਵਚਨ ਮੰਨ ਲਿਆ ਹੈ। ਉਹ ਬਿਮਾਰੀ ਦੀ ਹਾਲਤ ਵਿਚ ਵੀ ਉਹੀ ਕੰਮ ਕਰੇਗਾ। ਉਹ ਪਵਿੱਤਰ ਆਤਮਾ ਦੇ ਬਪਤਿਸਮੇ ਨਾਲ ਵੀ ਉਹੀ ਕੰਮ ਕਰੇਗਾ। ਉਹ ਆਪਣੇ ਦਿੱਤੇ ਇੱਕ ਵੀ ਵਾਦੇ ਨਾਲ ਉਹੀ ਕੰਮ ਕਰੇਗਾ।

104 ਪਰ, ਵੇਖੋ, ਕੀ ਹੈ, ਮੇਰਾ ਵਿਸ਼ਾ ਕੀ ਹੈ? ਮੁਕਾਬਲਾ। ਮੁਕਾਬਲਾ। ਸ਼ੈਤਾਨ ਤੁਹਾਨੂੰ ਇਸ ਦੇ ਬਾਰੇ ਕਾਰਨ ਖੜ੍ਹੇ ਕਰਨ ਵਿਚ ਪਾਉਂਦਾ ਹੈ। ਅਤੇ ਤੁਸੀਂ ਇਹ ਨਾ ਕਰੋ।

105 ਪਰ ਤੁਹਾਡੇ ਮਸੀਹੀ ਬਣ ਜਾਣ ਤੋਂ ਬਾਅਦ, ਫਿਰ ਤੁਸੀਂ ਵਚਨ ਵਾਲੇ ਹਥਿਆਰ ਪਹਿਨ ਲੈਂਦੇ ਹੋ ਅਤੇ ਵਚਨ ਅੰਦਰ ਪਾਇਆ ਜਾਂਦਾ ਕੋਈ ਵੀ ਵਾਦਾ (ਮੂੰਹ ਨਾਲ ਸਿਟੀ) ਨਹੀ ਜਾਣਦਾ ਹਾਂ ਕਿ ਮੈਂ ਉਹ ਕਹਿਣ ਜਾ ਰਿਹਾ ਹਾਂ। ਸਮਝੇ? ਤੁਸੀਂ ਹੋ, ਜਦ ਤੁਸੀਂ ਇਕ ਮਸੀਹੀ ਬਣ ਜਾਂਦੇ ਹੋ, ਤੁਸੀਂ ਖੁਦਾ ਦੇ ਵਚਨ ਮਗਰ ਪਾਏ ਜਾਂਦੇ ਹੋ। ਸਮਝ ਗਏ? ਹੁਣ ਉੱਥੇ ਤੁਹਾਡਾ ਕਿਲ੍ਹਾ ਹੈ, ਬਚਾਓ। ਔਹ ਮੇਰਿਆ। ਉਸ ਦੇ ਅੰਦਰਲੇ ਸਭ ਵਾਦੇ ਤੁਹਾਡੇ ਹਨ। ਸਿਰਫ ਤੁਸੀਂ ਜੋ ਕੰਮ ਕਰਨਾ ਹੈ ਬਸ ਜਾਕੇ ਪ੍ਰਾਪਤ ਕਰਨਾ ਹੈ, ਅਤੇ ਠੀਕ ਉਸੇ ਦੇ ਨਾਲ ਚਲੇ ਜਾਣਾ ਹੈ। "ਤੁਹਾਨੂੰ ਕਿਸ ਤਰ੍ਹਾਂ ਪਤਾ ਹੈ ਕਿ ਇਹ ਕੰਮ ਕਰਨ ਜਾ ਰਿਹਾ ਹੈ?" ਮੈਨੂੰ ਪਤਾ ਨਹੀ ਇਹ ਕਿਸ ਪ੍ਰਕਾਰ ਕੰਮ ਕਰਨ ਜਾ ਰਿਹਾ ਹੈ। "ਮੈਨੂੰ ਬਿਆਨ ਕਰੋ।" ਮੈਂ ਨਹੀ ਜਾਣਦਾ ਹਾਂ। ਸਿਰਫ ਮੈਂ ਜੋ ਗੱਲ ਜਾਣਦਾ ਹਾਂ, ਉਹ ਹੈ, ਖੁਦਾ ਨੇ ਆਪਣਿਆਂ ਬੱਚਿਆਂ ਨੂੰ ਕਰਨ ਲਈ ਜੋ ਵਧੀਆ ਹਮਲਾ ਜੋ ਕਰ ਸਕਦੇ ਹਨ, ਕਰਨ ਨੂੰ ਦਿੱਤਾ ਹੈ, "ਤਰੀਕਾ, ਉਹ ਵੈਰੀ ਦੇ ਕੰਮ ਕਰਨ ਨੂੰ ਜਾਣਦਾ ਹੈ।"

106 ਹੁਣ ਆਓ ਅਸੀਂ—ਆਓ ਅਸੀਂ ਉਹ ਦੀ ਸਨਾਖਤ ਕਰ ਲਈਏ, ਜਿਸ ਤਰ੍ਹਾਂ ਕਿ ਲਹੂ ਰਸਾਇਣਕ ਵਿਗਿਆਨ ਨੂੰ ਜਾਂ ਪਾਣੀ ਦੇ ਰਸਾਇਣਕ ਵਿਗਿਆਨਾਂ ਜਾਂ ਹੋਰ ਕੁਝ ਵੀ ਹੋਵੇ ਉਸ ਨੂੰ ਲਓ। ਸਮਝੇ? ਆਓ ਇਸਦੀ ਸਨਾਖਤ ਕਰ ਲਈਏ। ਕਿਉਂ? ਉਸਦੇ ਵਚਨ ਕਿਉਂ ਕਿਸ ਲਈ ਦਿੱਤਾ

ਹੈ? ਕਿਉਂ ਕਿ...ਕੀ ਤੁਸੀਂ ਤਿਆਰ ਹੋ? (ਸਭਾ ਆਖਦੀ ਹੈ, "ਅਮੀਨ"—ਸੰਪਾਦਕ) ਵਚਨ ਸਦੀਪਕ ਹੈ। ("ਅਮੀਨ") ਸਮਝੇ? ਅਤੇ ਜੇ ਖੁਦਾ ਨੇ ਇੱਕ ਵਿਦਾ ਸਦਾ ਦਾ ਬਣਾਇਆ ਹੈ, ਅਤੇ ਉਸ ਨੂੰ ਕੋਈ ਵੀ ਚੀਜ ਕਿਸੇ ਥਾਂ ਤੇ ਉਹਨਾਂ ਰੋਕ ਨਾ ਸਕਦੀ ਹੋਵੇ ਉਹ ਰੁਕ ਹੀ ਨਹੀ ਸਕਦੇ। ਹਰੇਕ ਅਣੂ ਨੂੰ ਪਰੇ ਕਰਦੇ ਹੋਏ। ਅਤੇ ਉਹਨਾਂ ਨੂੰ ਪਿਛਾਂਹ ਹਟਾਉਂਦੇ ਹੋਏ, ਖੁਦਾ ਦੇ ਵਚਨ ਅੰਦਰ ਕੋਈ ਛੇਦ ਨਹੀ। ਹੋ ਸਕਦਾ ਹੈ ਛੋਟੇ ਇੱਕ ਸ਼ਬਦ ਨੂੰ ਵੀ ਨਹੀ। ਸਮਝੇ? ਸਬੱਬ ਇਹ ਹੈ, ਕਿਉਂਕਿ ਯਿਸੂ ਨੇ ਆਖਿਆ, "ਧਰਤੀ ਅਤੇ ਆਕਾਸ਼ ਟਲ ਸਕਦੇ ਹਨ ਪਰ ਮੇਰਾ ਵਚਨ ਕਦੇ ਨਹੀ ਟਲੇਗਾ।" ਸਮਝੇ? ਉਹੀ ਉਸ ਥਾਂ ਲਈ ਵਧੀਆ ਹਥਿਆਰ ਹੈ। ਇਹ ਸਦੀਪਕ ਖੁਦਾ ਦਾ ਵਚਨ ਹੈ।

107 ਹੁਣ, ਖੁਦਾ ਦਾ ਵਚਨ ਕੀ ਹੈ? ਖੁਦਾ ਦਾ ਵਚਨ ਹੀ ਖੁਦ ਖੁਦਾ ਹੈ। ਇਸ ਲਈ ਖੁਦਾ ਨੇ ਆਪਣੇ ਆਪ ਨੂੰ ਨਿਹਚਾਵਾਨਾਂ ਨੂੰ ਦਿੱਤਾ ਹੈ। ਆਮੀਨ। (ਮੂੰਹ ਨਾ ਸ਼ੀਤੀ) ਇਹ ਖੁਦ ਖੁਦਾ ਹੈ। ਉਸਨੇ ਆਪਣੇ ਆਪ ਨੂੰ ਨਿਹਚਾਵਾਨਾਂ ਨੂੰ ਦਿੱਤਾ ਹੈ, ਵੈਰੀ ਤੇ ਹਮਲਾ ਕਰਨ ਨੂੰ, ਦੂਸਰਿਆਂ ਸ਼ਬਦਾਂ ਅੰਦਰ, ਉਹ ਪਿਤਾ ਹੈ, ਅਤੇ ਵਚਨ ਖੁਦਾ ਹੈ, ਫਿਰ ਵਚਨ ਹੀ ਸਾਡਾ ਪਿਤਾ ਹੈ। ਅਸਾਂ ਵਚਨ ਤੋਂ ਜਨਮ ਲਿਆ ਹੈ, ਅਤੇ ਉਹ ਆਪਣੇ ਬੱਚਿਆਂ ਲਈ ਸਭ ਤੋਂ ਅੱਗੇ ਖੜ੍ਹਾ ਹੈ। ਅਸੀਂ ਕਿਸ ਲਈ ਡਰਦੇ ਹਾਂ? ਉਠਾਏ ਜਾਣਾ ਯਕੀਨਨ ਹੈ। ਆਮਦ ਵੀ ਪੱਕੀ ਹੈ। ਅਮੀਨ? ਹਰੇਕ ਆਸ਼ੀਸ਼ ਜਿਸ ਦਾ ਵਾਦਾ ਕੀਤਾ ਗਿਆ ਹੈ, ਪੱਕੀ ਤਰ੍ਹਾਂ ਨਾਲ ਸਾਡੀ ਹੈ। ਸਾਰੀਆਂ ਅਸ਼ੀਸ਼ਾਂ ਸਾਡੀਆਂ ਹਨ। ਜੇ ਅਸੀਂ ਇੱਕ ਪ੍ਰਕਾਰ ਨਾਲ ਢਿੱਲੇ ਹੋ ਕੇ ਅਤੇ ਆਖੀਏ...

108 ਸ਼ੈਤਾਨ ਆਖਦਾ ਹੈ, "*ਇਸ* ਪਾਸੇ ਉੱਪਰ ਨੂੰ ਆ ਜਾ, ਮੈਂ ਤੇਰੇ ਸੰਗ ਹੋ ਕੇ ਕਾਰਨ ਖੜ੍ਹੇ ਕਰਾਂਗਾ।" ਔ—ਹਾ, ਤਦ ਹੀ ਤੂੰ ਪਿਤਾ ਦੇ ਪਿਛੇ ਹੋਵੇਂਗਾ। ਸਮਝੇ? ਤੁਸੀਂ ਉਹ ਨਾ ਕਰਿਓ। ਤੁਸੀਂ ਠੀਕ ਉਸੇ ਸਥਾਨ ਤੇ ਜਿਥੇ ਪਿਤਾ ਹੈ ਖੜ੍ਹੇ ਰਹੋ, ਜਿਸ ਸਥਾਨ ਤੇ ਉਹ ਆਖਦਾ ਹੈ। ਆਖੋ, "ਇਹ ਹੈ, ਪਿਤਾ ਫ਼ਰਮਾਉਂਦਾ ਹੈ।" ਸਮਝ ਗਏ? "ਮੇਰਾ ਪਿਤਾ ਇਉਂ ਫ਼ਰਮਾਉਂਦਾ ਹੈ। ਮੇਰਾ ਪਿਤਾ ਇਉਂ ਫ਼ਰਮਾਉਂਦਾ ਹੈ।" ਇਹ ਉਸਨੂੰ ਹਰਾਉਣ ਜਾਂਦਾ ਹੈ। ਠੀਕ ਉਸੇ ਤਰ੍ਹਾਂ ਜਿਸ ਤਰ੍ਹਾਂ ਸੰਸਾਰ ਕਰਦਾ ਹੈ, ਇਸ ਨੇ ਵੀ ਕਰਨਾ ਹੈ ਬਿਲਕੁਲ ਠੀਕ ਹੈ।

109 ਪਰ ਜਦ ਤੁਸੀਂ ਉਸਦੇ ਪਿਛੇ ਹਟ ਜਾਂਦੇ ਹੋ, ਜਿਸ ਤਰ੍ਹਾਂ ਹਵਾ ਨੇ ਕੀਤਾ, ਮੈਦਾਨ ਵਿਚ ਹਾਰ ਹੁੰਦੀ ਹੈ। ਹੁਣ ਵਿਚਾਰੀ ਹਵਾ, ਉਸ ਨੇ ਸੁਣਿਆ, ਉਹ ਆਪਣਾ ਸਥਾਨ ਗੁਆ ਬੈਠੀ। ਬਿਲਕੁਲ ਠੀਕ।

110 ਅਤੇ ਫਿਰ ਖੁਦਾ ਨੇ ਮਨੁੱਖਾਂ ਨੂੰ ਚੁਣਿਆ ਕਿ ਉਸ ਦੇ ਮੋਰਚੇ ਨੂੰ ਸਾਂਭ ਕੇ ਰਖਣ ਅਤੇ ਉਸ ਵੇਲੇ ਤੋਂ ਉਸਨੇ ਠਹਿਰਾ ਦਿੱਤਾ ਹੈ।

111 ਉਹੀ ਥਾਂ ਹੈ ਜਿਥੇ ਕਈ ਵਾਰ ਇਹਨਾਂ ਅੰਤਲੇ ਦਿਨਾਂ ਅੰਦਰ ਕੁਝ ਲੋਕ ਆਖਦੇ ਹਨ, "ਤੁਸੀਂ ਕਿਉਂ ਨਹੀ ਵਿਚਾਰ ਕਰ ਸਕਦੇ ਕਿ ਔਰਤ ਵੀ ਠੀਕ ਉਸੇ ਤਰ੍ਹਾਂ ਵਧੀਆ ਕੰਮ ਕਰ ਸਕਦੀ ਹੈ। ਜਿਸ ਤਰ੍ਹਾਂ ਇਕ ਮਨੁੱਖ ਮੰਚ ਤੇ ਕਰ ਸਕਦਾ ਹੈ?" ਮੈਂ ਉਸ ਤੇ ਬਿਲਕੁਲ ਬਹਿਸ ਨਹੀ ਕਰਦਾ, ਬਿਲਕੁਲ ਵੀ ਨਹੀ। ਕਿਸੇ ਸਮੇਂ ਤੇ ਮੇਰੇ ਕਰ ਸਕਣ ਤੋਂ ਵੀ ਵਧੀਆ ਉਹਨਾਂ ਦੇ ਨਾਲੋਂ ਵੀ ਵੱਧ।

112 ਪਰ, ਤੁਸੀਂ ਵੇਖੋ, ਅਸੀਂ ਉਹ ਕਰਨਾ ਹੈ ਜੋ ਖ਼ੁਦਾ ਨੇ ਕੀਤਾ ਹੈ। ਸਮਝ ਗਏ? ਠੀਕ ਉਸੇ ਥਾਂ ਤੇ, ਉਹ ਇਕ ਹਵਾ ਹੀ ਸੀ ਜਿਸ ਨੇ ਵਾੜਾਂ ਭੰਨ ਦਿੱਤੀਆਂ, ਅਤੇ ਆਦਮ ਨੇ ਵਾੜਾਂ ਨਹੀ ਭੰਨੀਆਂ। ਨਾ ਸ਼੍ਰੀਮਾਨ ਜੀ, ਪਰ ਕਰਨ ਇਹ ਹੈ ਕਿ ਉਹ ਆਪਣੀ ਪਤਨੀ ਨੂੰ ਪਿਆਰ ਕਰਦਾ ਸੀ, ਅਤੇ ਠੀਕ ਉਸ ਨਾਲ ਹੀ ਬਾਹਰ ਨਿਕਲ ਗਿਆ, ਵੇਖੋ, ਇਸ ਲਈ ਖ਼ੁਦਾ ਨੇ ਉਸ ਦਾ ਮੋਰਚਾ ਸਾਂਭਣ ਲਈ ਮਨੁੱਖ ਨੂੰ ਚੁਣਿਆ ਹੈ।

113 ਹੁਣ ਅਗਲੀ ਗੱਲ ਜੋ ਮੈਦਾਨ ਹਾਰ ਲੈਣ ਤੋਂ ਬਾਅਦ ਅਸੀਂ ਉਸ ਅੰਦਰ ਵੇਖਦੇ ਹਾਂ, ਉਸ ਸਮੇਂ ਉਹਨਾਂ ਤੇ ਤਬਾਹੀ ਆਈ, ਉਸੇ ਸਮੇਂ ਵਿਸ਼ਵ ਪ੍ਰਬੰਧ ਅੰਦਰ ਜੋ ਇਕ ਤਬਦੀਲੀ ਆਈ ਸੀ।

114 ਅਸੀਂ ਜਾਣਦੇ ਹਾਂ ਕਿ ਕਿਸ ਤਰ੍ਹਾਂ ਮੈਦਾਨ ਲੜਿਆ ਗਿਆ ਸੀ। ਅਸੀਂ ਜਾਣਦੇ ਹਾਂ ਕਿ ਹਵਾਹ ਮੈਦਾਨ ਹਾਰ ਗਈ ਸੀ। ਉਹ ਆਪਣੀ ਖ਼ੁਦਾ ਦੇ ਵਚਨ ਵਿਚ ਨਿਹਚਾ ਦੀ ਬਜਾਏ ਕਾਰਨ ਖੜ੍ਹੇ ਕਰਨ ਵਿਚ ਫਿਰ ਜਾ ਰਲੀ । ਆਓ ਫਿਰ ਉਸੇ ਨੂੰ ਦੁਹਰਾਈਏ। ਉਹ ਖ਼ੁਦਾ ਦੇ ਵਚਨ ਅੰਦਰ ਨਿਹਚਾ ਦੀ ਬਜਾਏ ਕਾਰਨ ਖੜ੍ਹੇ ਕਰਨ ਵਿਚ ਫਿਰ ਜਾ ਰਲੀ । ਇਹ ਨੇ ਕਾਰਨ ਖੜ੍ਹਾ ਕੀਤਾ। ਇਸੇ ਲਈ ਮੋਰਚੇ ਦੀਆਂ ਪਹਿਲੀਆਂ ਕਤਾਰਾਂ ਤੋੜ ਦਿੱਤੀਆਂ। ਅਤੇ ਵੈਰੀ ਭੱਜ ਕੇ ਅੰਦਰ ਦਾਖਲ ਹੋ ਗਿਆ। ਅਤੇ ਮੌਤ ਨੇ ਸੰਸਾਰ ਤੇ ਸੱਟ ਮਾਰੀ। ਹੁਣ ਇਸੇ ਲਈ ਫਿਰ ਕਦੇ ਵੀ ਖ਼ੁਦਾ ਨੇ ਔਰਤ ਦਾ ਮੋਰਚੇ ਦੀ ਪਹਿਲੀ ਕਤਾਰ ਨੂੰ ਸੰਭਾਲਣ ਲਈ ਕਦੇ ਵੀ ਯਕੀਨ ਨਹੀ ਕੀਤਾ। ਇਹ ਕੰਮ ਮਨੁੱਖਾਂ ਦਾ ਹੈ।

115 ਅਤੇ ਹੁਣ, ਸੰਸਾਰ ਦੇ ਪ੍ਰਬੰਧ ਦੀ ਅਗਲੀ ਤਬਦੀਲੀ ਨਾਲ ਸੰਘਰਸ਼ ਸ਼ੁਰੂ ਹੋ ਗਿਆ। ਅਤੇ ਇਥੇ ਇੱਕ ਵਚਨ ਨੂੰ ਭਾਲ ਰਿਹਾ ਹਾਂ। ਮੈਂ ਨਿਹਚਾ ਕਰਦਾ ਹਾਂ ਮੈਂ ਬਸ ਪੜ੍ਹਾਂਗਾ ਅਤੇ ਸ਼ੁਰੂ ਕਰਾਂਗਾ।

116 ਕਿੰਨਾਂ ਕੁ ਵੱਧ ਸਮਾਂ ਅਸਲ ਵਿਚ ਅਸੀਂ, ਤੁਸੀਂ ਅਸਲ ਵਿਚ ਪ੍ਰਚਾਰ ਕਰਦੇ ਹੋ। ਬੱਸ ਕਿਸੇ ਵੀ ਹਾਲਤ ਵਿਚ ਬੱਸ ਉਸੇ ਬਾਰੇ...ਬਸ ਛੇ ਕੁ ਘੰਟੇ ਹੋਰ ਵੱਧ ਨਹੀਂ ਲੈਂਦੇ, ਅਤੇ ਅਸੀਂ ਲਵਾਂਗੇ...(ਸਭਾ ਹੱਸਦੀ ਹੈ—ਸੰਪਾਦਕ) ਅਤੇ ਇਸ ਲਈ ਅਸੀਂ...ਮੇਰਾ ਮਤਲਬ ਉਹ ਨਹੀ ਹੈ, ਸਭਾ ਦੇ ਲੋਕੋ, ਮੈਂ...

117 ਆਓ, ਅਸੀਂ ਇਸ ਥਾਂ ਤੋਂ ਸ਼ੁਰੂ ਕਰੀਏ, ਤੁਸੀਂ ਆਪਣੀਆਂ ਬਾਈਬਲਾਂ ਅੰਦਰ, ਆਓ ਕੁਝ ਕੁ ਮਿੰਟਾਂ ਲਈ ਪੜ੍ਹੀਏ। ਮੈਂ ਬਸ ਇਹ ਪੜ੍ਹਨ ਨੂੰ ਪਿਆਰ ਕਰਦਾ ਹਾਂ, ਜਿਸ ਤਰ੍ਹਾਂ ਅੱਗੇ ਵੱਧਦਾ ਹੈ ਅਤੇ ਫਿਰ ਅਗਾਂਹ ਵੀ ਇਹ ਖ਼ੁਦਾ ਦਾ ਵਚਨ ਹੀ ਹੁੰਦਾ ਹੈ। ਆਓ ਮੁੜ ਅਸੀਂ ਵਿਸ਼ਵ ਪ੍ਰਬੰਧ ਦੀ ਤਬਦੀਲੀ ਤੋਂ ਸ਼ੁਰੂ ਕਰੀਏ, ਆਦਮ ਤੋਂ, ਏਡਮ ਦੇ ਸੰਸਾਰ ਦੇ ਵਿਸ਼ਵ ਧਰਮ ਤੋਂ ਲੈ ਕੇ ਨੂੰਹ ਤੱਕ ਦੇ ਵਿਧਵ ਧਰਮ ਦੀ ਤਬਦੀਲੀ ਹੋਣ ਤੱਕ ਪੜ੍ਹੀਏ। ਹੁਣ—ਹੁਣ ਉਸ ਸਮੇਂ ਦੇ ਆਉਣ ਤੋਂ ਥੋੜ੍ਹਾ ਕੁ ਸਮਾਂ ਪਹਿਲਾਂ ਨੂੰ ਆਓ ਅਸੀਂ ਲਈਏ—ਵੇਖੀਏ ਕਿਹੜੀ ਘਟਨਾ ਵਾਪਰੀ ਸੀ। ਆਓ ਸ਼ੁਰੂ ਕਰੀਏ, ਉੱਤਪਤ ਦੇ ਛੇਵੇਂ ਪਾਠ ਨੂੰ ਸ਼ੁਰੂ ਕਰੀਏ ਅਤੇ ਆਓ ਬਸ ਕੁਝ ਕੁ ਆਇਤਾਂ ਪੜ੍ਹੀਏ।

*ਅਤੇ ਇਉਂ ਹੋਇਆ, ਜਦੋਂ ਮਨੁੱਖ ਧਰਤੀ ਤੇ ਵਧਣ ਲੱਗੇ, ਅਤੇ ਮਨੁੱਖ ਤੇ ਧੀਆਂ ਜੰਮੀਆਂ,*

*ਅਤੇ ਪ੍ਰਮੇਸ਼ਵਰ ਦੇ ਪੁੱਤਰਾਂ ਨੇ ਮਨੁੱਖ ਦੀਆਂ ਧੀਆਂ ਨੂੰ ਵੇਖਿਆ ਕਿ ਉਹ ਸੋਹਣੀਆਂ ਹਨ; ਅਤੇ ਉਹਨਾਂ ਨੇ ਉਹਨਾਂ ਵਿਚੋਂ ਆਪਣੀਆਂ ਪਤਨੀਆਂ ਕਰ ਕੇ ਲੈ ਲਿਆ।*

118 ਹੁਣ ਆਓ ਜਰਾ ਕੁ ਉਹਦੀ ਤੁਲਣਾ ਕਰੀਏ, ਹੁਣ ਯਾਦ ਰਹੇ, ਯਿਸੂ ਨੇ ਆਖਿਆ ਸੀ, "ਜਿਸ ਤਰ੍ਹਾਂ ਨੂੰਹ ਦੇ ਦਿੰਨੀ ਹੋਇਆ, ਉਸੇ ਤਰ੍ਹਾਂ ਮਨੁੱਖ ਦੇ ਪੁੱਤਰ ਦੇ ਆਉਣ ਵੇਲੇ ਵੀ ਹੋਵੇਗਾ।" ਹੁਣ ਗੌਰ ਕਰੋ, ਇਸ ਨੂੰ ਧਿਆਨ ਨਾਲ ਪੜ੍ਹਦੇ ਹੋਏ, ਜਿਸ ਤਰ੍ਹਾਂ ਇੱਕ ਸੰਡੇ ਸਕੂਲ ਹੁੰਦਾ ਹੈ। ਬਸ ਇੱਕ ਜਾਂ ਦੋ ਆਇਤਾਂ ਲਵੋ, ਫਿਰ ਮੈਂ ਠੀਕ ਹੋਰ ਵੀ ਵਚਨ ਨਾਲ ਲਵਾਂਗਾ।

*...ਇਉਂ ਹੋਇਆ ਜਦੋਂ ਆਦਮੀ ਧਰਤੀ ਉੱਪਰ ਵਧਣ ਲੱਗੇ, ਧਰਤੀ 'ਤੇ ਅਤੇ ਮਨੁੱਖ ਤੇ ਧੀਆਂ ਜੰਮੀਆਂ, ਵੇਖੋ,*

*...ਖ਼ੁਦਾ ਦੇ ਪੁੱਤਰਾਂ ਨੇ ਮਨੁੱਖ ਦੀਆਂ ਧੀਆਂ ਨੂੰ ਵੇਖਿਆ...*

119 ਹੁਣ, ਕੀ ਤੁਸੀਂ ਧਿਆਨ ਦਿੱਤਾ?

...ਇਉਂ ਹੋਇਆ, ਜਦ ਆਦਮੀ ਜਮੀਨ ਉੱਤੇ ਵਧਣ ਲੱਗ ਪਏ... ਧਰਤੀ ਤੇ ਅਤੇ ਉਨ੍ਹਾਂ ਤੋਂ ਧੀਆਂ ਜੰਮੀਆਂ ਵੇਖੋ, ਖ਼ੁਦਾ ਦੇ ਪੁੱਤਰਾਂ ਨੇ ਆਦਮੀ ਦੀਆਂ ਧੀਆਂ ਨੂੰ ਵੇਖਿਆ ਭਾਈ ਉਹ ਸੋਹਣੀਆਂ ਹਨ, ਅਤੇ ਉਨ੍ਹਾਂ ਨੇ ਆਪਣੇ ਲਈ ਸਾਰੀਆਂ ਚੁਣੀਆਂ ਹੋਈਆਂ ਵਿਚੋਂ ਤੀਵੀਆਂ ਕੀਤੀਆਂ।

120 ਹੁਣ, ਬਥੇਰੇ ਵੱਡੇ ਵਿਦਵਾਨ...ਮੈਂ ਵਿਰੁਧ ਤਾਂ ਨਹੀ ਹੋਣਾ ਚਾਹੁੰਦਾ ਹਾਂ। ਮੇਰਾ ਇਹ ਮਤਲਬ ਨਹੀ ਹੈ। ਪਰ ਬਹੁਤ ਸਾਰੇ ਤੁਸੀਂ ਜਾਣਦੇ ਹੋ ਕਿ ਧਾਰਮਿਕ

ਵਿਦਵਾਨਾਂ ਦਾ ਇਹ ਵਿਚਾਰ ਹੈ, “ਇਹ ਡਿੱਗੇ ਫਰਿਸ਼ਤੇ, ਜੋ ਲੁਸਿਫਰ ਦੇ ਜੀਵਨ ਨਾਲ ਸੰਬੰਧ ਰੱਖਦੇ ਹਨ, ਉਹਨਾਂ ਨੇ ਆਪਣੇ ਲਈ ਤੀਵੀਆਂ ਕੀਤੀਆਂ। ਉਹ ਡਿੱਗੇ ਫਰਿਸ਼ਤੇ ਹਨ, ਅਸਲ ਵਿਚ ਖੁਦਾ ਦੇ ਪੁੱਤਰ ਜੋ ਕਿਰਪਾ ਤੋਂ ਡਿੱਗ ਗਏ ਸਨ, ਧਰਤੀ ਉੱਤੇ ਸੁੱਟ ਦਿੱਤੇ ਗਏ ਸਨ, ਉਹਨਾਂ ਨੇ ਆਪ ਦੇਹ ਧਾਰ ਲਈ ਸੀ, ਅਤੇ ਤੀਵੀਆਂ ਕੀਤੀਆਂ।” ਮੈਂ—ਮੈਂ ਸਿਰਫ ਸੋਚਦਾ ਨਹੀ ਹਾਂ ਕਿ ਵਚਨ ਨਾਲ ਤਰਕ ਕਰਾਂ।

121 ਕਾਰਨ ਦੀ ਪਹਿਲੀ ਗੱਲ ਤਾਂ ਇਹ ਹੈ, ਡਿੱਗੇ ਫਰਿਸ਼ਤੇ ਹੋਣ ਤੋਂ ਪਹਿਲਾਂ ਆਪ ਨੂੰ ਆਦਮੀ ਦੇ ਦੇਹ ਵਿਚ ਲਿਆ ਸਕਣ ਲਈ, ਉਸ ਨੂੰ ਪਹਿਲਾਂ ਇੱਕ ਰਚਨਹਾਰਾ ਹੋਣ ਚਾਹੀਦਾ ਹੈ। ਅਤੇ ਰਚਨਹਾਰਾ ਸਿਰਫ ਇੱਕ ਹੀ ਹੈ ਅਤੇ ਉਹ ਖੁਦਾ ਹੈ। ਇਸ ਨੂੰ ਇਹ ਗੱਲ ਸਾਫ਼ ਕਰ ਦੇਵੇਗੀ।

122 ਦੂਸਰੀ ਗੱਲ, “ਖੁਦਾ ਦੇ ਪੁੱਤਰਾਂ ਨੇ ਆਪਣੇ ਲਈ ਮਨੁੱਖਾਂ ਦੀਆਂ ਧੀਆਂ ਲਈਆਂ।” ਅਤੇ ਕੀ ਤੁਸੀਂ ਜਾਣਦੇ ਹੋ, ਬਾਈਬਲ ਕਦੇ ਵੀ ਫਰਿਸ਼ਤਿਆਂ ਅੰਦਰ ਨਰ—ਨਾਰੀ ਦੇ ਫਰਕ ਵੱਲ ਇਸ਼ਾਰਾ ਨਹੀ ਕਰਦੀ ਹੈ। ਸਮਝ ਗਏ? ਫਰਿਸ਼ਤਿਆਂ ਅੰਦਰ ਲਿੰਗ ਹੋਣ ਬਾਰੇ ਇਸ਼ਾਰਾ ਨਹੀ ਹੈ। ਨਾ ਹੀ ਬਾਈਬਲ ਅੰਦਰ ਕਿਸੇ ਥਾਂ ਤੇ ਔਰਤ ਫਰਿਸ਼ਤੀ ਪਾਈ ਜਾਂਦੀ ਹੈ। ਕਿਉਂ ਜੋ ਔਰਤ ਇੱਕ ਆਦਮੀ ਵਿਚੋਂ ਲਈ ਗਈ ਹੈ। ਇਹ ਸਭ ਇੱਕ ਹੀ ਹੋਣਗੇ, ਜਿਸ ਪ੍ਰਕਾਰ ਏਡਮ ਹੀ ਆਪ ਆਦਮੀ ਅਤੇ ਹਵਾ ਸੀ। ਸ਼ੁਰੂ ਵਿਚ ਵੇਖੋ? ਉਹ ਉਸਦੀ ਵੱਖੀ ਵਿਚੋਂ ਲਈ ਗਈ ਸੀ। ਇਸ ਲਈ ਉਹਨਾਂ ਦੀ—ਦੀ ਇਹ ਬਹਿਸ ਸਾਬਿਤ ਹੁੰਦੀ ਹੈ, ਕਿ ਇਹ ਡਿੱਗੇ ਫਰਿਸ਼ਤੇ ਸਨ।

123 ਪਰ ਜੇਕਰ ਤੁਸੀਂ ਮੈਨੂੰ ਮਾਫ਼ ਕਰੋ, ਅਤੇ ਇਹ ਸੋਚਣ ਦੀ ਕੋਸ਼ਿਸ਼ ਨਾ ਕਰੋ ਕਿ ਮੈਂ ਇੱਥੇ ਸਭ ਨੂੰ ਇਕ ਹੀ ਬਣਾ ਕੇ ਵਿਖਾਉਣ ਦੀ ਕੋਸ਼ਿਸ਼ ਕਰ ਰਿਹਾ ਹਾਂ, ਪਰ ਮੈਂ ਇਸ ਬਾਰੇ ਆਪਣੇ ਵਿਚਾਰ ਹੀ ਪੇਸ਼ ਕਰਦਾ ਹਾਂ। ਮੇਰਾ ਵਿਚਾਰ ਹੈ, “ਇਹ ਖੁਦਾ ਦੇ ਪੁੱਤਰ ਸੇਥ ਦੇ ਪੁੱਤਰ ਸਨ, ਜਿਨ੍ਹਾਂ ਨੇ ਕੈਨ ਵੰਸ਼ੀ ਧੀਆਂ ਨੂੰ ਵੇਖਿਆ ਕਿ ਉਹ ਬਹੁਤ ਸੋਹਣੀਆਂ ਸਨ।” ਕਿਉਂ ਜੋ, “ਸੇਥ ਦੇ ਪੁੱਤਰ ਆਦਮ ਦੇ ਪੁੱਤਰਾਂ ਦਾ ਵੰਸ਼ ਸੀ, ਜੋ ਕਿ ਖੁਦਾ ਦੇ ਪੁੱਤਰ ਸਨ।” “ਪਰ ਪੁੱਤਰ ਕੈਨ ਦੀਆਂ ਧੀਆਂ ਸਨ, ਜੋ ਸ਼ੈਤਾਨ ਦਾ ਪੁੱਤਰ ਸੀ।

124 ਹੁਣ, ਤੁਸੀਂ ਧਿਆਨ ਦਿਓ, “ਉਹਨਾਂ ਗੌਹ ਨਾਲ ਵੇਖਿਆ, ਅੰਤਲੇ ਸਮੇਂ ਤੇ ਪੁਰਾਣੇ ਜਮਾਨੇ ਦੀ ਤਬਾਹੀ ਤੋਂ ਪਹਿਲਾਂ, ਕੈਨ ਵੰਸ਼ੀ ਧੀਆਂ ਬਹੁਤ ਹੀ ਸੁੰਦਰ ਮਨਮੋਹਣੀਆਂ ਸਨ।” ਤੁਹਾਨੂੰ ਪਤਾ ਲੱਗਾ? (ਸਭਾ ਆਖਦੀ ਹੈ, “ਆਮੀਨ”—ਸੰਪਾ)

125 ਹੁਣ, ਯਿਸੂ ਨੇ ਆਖਿਆ ਹੈ, “ਜਿਸ ਤਰ੍ਹਾਂ ਨੂੰਹ ਦੇ ਦਿਨਾਂ ਵਿਚ ਹੋਇਆ ਉਸੇ ਪ੍ਰਕਾਰ ਮਨੁੱਖ ਦੇ ਪੁੱਤਰ ਦੇ ਆਉਣ ਸਮੇਂ ਹੋਵੇਗਾ,” ਔਰਤਾਂ ਮਨਮੋਹਣੀਆਂ। ਕਿਸ ਤਰ੍ਹਾਂ ਦੀਆਂ ਔਰਤਾਂ? ਕੈਨ ਦੇ ਵੰਸ਼ ਦੀਆਂ ਵੇਖੋ, ਖੁਦਾ ਦੇ ਪੁੱਤਰ ਨੂੰ ਲੈਂਦੇ ਹੋਏ। ਸਮਝੇ? ਖੁਦਾ ਦੇ ਪੁੱਤਰ ਕੈਨ ਵੰਸ਼ੀ ਔਰਤਾਂ ਨੂੰ ਲੈ ਰਹੇ ਹਨ।

126 ਪਿਛਲੇ ਪੰਜਾਹ ਸਾਲਾਂ ਤੋਂ ਔਰਤਾਂ ਦੀ ਸੁੰਦਰਤਾ ਵੱਧ ਹੀ ਹੁੰਦੀ ਗਈ ਹੈ, ਪੰਜਾਹ ਸਾਲ ਪਹਿਲੇ ਨਜਾਰੇ ਨੂੰ ਪਕੜਦੇ ਹੋਏ, ਇੱਕ ਮਨਮੋਹਣੀ ਔਰਤ ਕਿਸ ਤਰ੍ਹਾਂ ਵਿਖਾਈ ਦਿੰਦੀ ਸੀ। ਮੈਂ ਕਿਸੇ ਹੋਰ ਦਿਨ ਲੜਾਈਆਂ ਦੇ ਇਤਿਹਾਸ ਨੂੰ ਵੇਖ ਰਿਹਾ ਸੀ, ਅਤੇ ਉਹ ਸਫੇਦ ਮੋਤੀ ਵਾਂਗੂ ਕਿਸ ਤਰ੍ਹਾਂ ਦੀ ਸੀ, ਇੱਕ ਸੌ ਸਾਲ ਪਹਿਲਾਂ ਜਦ ਉਸਦੇ ਪ੍ਰੇਮੀ ਸਕਾਟ ਜੈਕਸਨ ਨੇ ਉਸਨੂੰ ਚਾਕੂ ਨਾਲ ਹਲਾਕ ਕੇ ਦਿੱਤਾ ਸੀ, ਔਰਤਾਂ ਦਾ ਵਿਖਾਵਾ। ਹੁਣ ਮੈਰੀਬੋਨਵਿਲੇ ਵੀ ਅਤੇ ਹੋਰ ਬਹੁਤ ਵਾਧੂ ਮਨਮੋਹਣੀਆਂ ਔਰਤਾਂ, ਪਿਛਲੇ ਪੰਜਾਹ ਸਾਲਾਂ ਤੋਂ ਸੌ ਸਾਲਾਂ ਅੰਦਰਲੀਆਂ ਔਰਤਾਂ ਨੂੰ ਅੱਜ ਦੀਆਂ ਔਰਤਾਂ ਨਾਲ ਤੁਲਣਾ ਕਰੋ। ਉਹ ਇਹਨਾਂ ਦਾ ਪਰਛਾਵਾਂ ਤੱਕ ਨਹੀ ਹੈ, ਯਕੀਨਨ ਨਹੀ ਹਨ। ਡਾਡੀਆਂ ਤੰਦਰੁਸਤ।

127 ਔਰਤਾਂ ਸੁੰਦਰ ਅਤੇ ਨਾਜੁਕ ਨਾਰੀਆਂ ਬਣ ਚੁੱਕੀਆਂ ਹਨ, ਅਤੇ ਕੁਝ ਇਸੇ ਤਰ੍ਹਾਂ ਦੀਆਂ ਹਨ। ਬਹੁਤ ਹੀ ਮਨ ਨੂੰ ਭਾਉਣ ਵਾਲੀਆਂ। ਅਤੇ ਇਹ ਕੀ ਹੈ? ਉਹ ਆਪ ਨੂੰ ਵਾਧੂ ਸੋਹਣੇ ਬਸਤਰਾਂ ਨਾਲ ਸਵਾਰਦੀਆਂ ਹਨ। ਜਿਥੇ, ਕਿ ਔਰਤਾਂ ਬਹੁਤ ਵੱਡੇ ਪਹਿਰਾਵੇ ਪਾਉਂਦੀਆਂ ਸਨ ਅਤੇ ਅਸਤੀਨਾਂ ਤੱਕ ਲੰਬਾ ਸਕਰਟ ਪਹਿਨ ਕੇ ਆਪਣੇ ਬਦਨ ਨੂੰ ਢੱਕਦੀਆਂ ਸਨ। ਉਹ ਨਹੀ ਸਨ ਚਾਹੁੰਦੀਆਂ ਕਿ ਮਨੁੱਖ ਉਹਨਾਂ ਦਾ ਪਿਛੇ ਕਾਮਨਾ ਨਾਲ ਭਰਨ। ਉਹ ਉਸੇ ਮਨੁੱਖ ਲਈ ਜੀਵਨ ਗੁਜਰਦੀਆਂ ਸਨ ਜਿਸ ਨੇ ਉਹਨਾਂ ਨੂੰ ਪਤਨੀ ਕਰਕੇ ਚੁਣਿਆ ਹੁੰਦਾ ਸੀ। ਅੱਜ ਔਰਤਾਂ ਛੋਟੇ ਬਸਤਰ ਪਾਉਂਦੀਆਂ ਹਨ ਅਤੇ ਬਦਮਾਸ਼ੀ ਇੰਨੀ ਚਾਲੂ ਹੈ ਅਤੇ ਗੁੰਡਾ ਗਰਦੀ ਇੰਨੀ—ਇੰਨੀ ਹੈ ਜਿਥੋਂ ਤੱਕ ਸੋਚਿਆ ਵੀ ਨਾ ਜਾ ਸਕੇ।

128 ਇਹ ਇੰਨੀ ਅਜੀਬ ਗੱਲ ਸੀ, ਜਦ ਮੈਂ ਕਿਸੇ ਦਿਨ ਸ਼ਿਕਾਗੋ ਦੇ ਵਿਸ਼ਲੇਸ਼ਣ ਨੂੰ ਪੜ੍ਹਿਆ, ਮੈਂ ਉਥੇ ਨਿਊਯਾਰਕ, ਲਾਸਐਂਜਲਸ, ਬਰਮਿੰਗਮ ਵਿਚ ਸਾਂ। ਅਤੇ ਬਹਤ ਸਾਰੇ ਪ੍ਰਸਿਧ ਸ਼ਹਿਰਾਂ ਤੋਂ ਇਸ ਸ਼ੋਸ਼ਲ ਕਲੱਬ ਅੰਦਰ ਆ ਕੇ ਉਹ ਇਸ ਤਰ੍ਹਾਂ ਜਮਾਂ ਹੋਏ, ਖਾਨਦਾਨ ਵਾਰੀ ਸਿਰ ਗੁਆਂਢੀ ਹੁੰਦੇ ਹੋਏ ਇਸ ਕਲੱਬ ਵਿਚ ਇਕੱਠੇ ਹੋਏ। ਅਤੇ ਉਹ ਇਕ ਖਾਸ ਮੀਟਿੰਗ ਦੇ ਸਥਾਨ ਤੇ ਗਏ, ਆਪਣੀਆਂ ਕੁੰਜੀਆਂ ਲਈਆਂ, ਉਹਨਾਂ ਨੂੰ ਇਕ ਟੋਪ ਵਿਚ ਸੁੱਟ ਦਿੱਤਾ, ਔਰਤ ਅੰਦਰ ਜਾ ਕੇ ਇੱਕ ਕੁੰਜੀ ਚੁੱਕ ਲੈਂਦੀ ਹੈ ਅਤੇ ਮੁੜ ਇੱਕਠੇ ਹੋਣ ਤੱਕ ਉਹੀ ਉਸਦਾ ਪਤੀ ਹੋਵੇਗਾ। ਸਾਡੇ ਅੱਜ ਦੇ ਅਮਰੀਕਾ ਦੀਆਂ ਔਰਤਾਂ ਇਵੇਂ ਦੀਆਂ ਹਨ।

129 ਤੁਸੀਂ ਵੇਖੋ, ਇਹ ਫ਼ੀ ਮੁੜ ਵਿਖਾਉਣ ਲਈ ਹੋ ਰਿਹਾ ਹੈ, ਇਹੀ ਸ਼ੁਰੁਆਤ ਵਿਚ ਔਰਤਾਂ ਰਾਹੀਂ ਸ਼ੁਰੂ ਹੋਇਆ ਸੀ। ਸੰਭੋਗ ਨਾਲ ਅਤੇ ਹੁਣ ਇਹ ਅੰਤ ਤੇ ਇਸੇ ਨਾਲ ਖਤਮ ਹੋਣਾ ਹੈ। ਕੀ ਇਹ ਨਹੀ ਹੈ...

130 ਖੁਦਾ ਇਸਨੂੰ ਆਸ਼ੀਸ਼ ਨਹੀ ਦਿੰਦਾ, ਇੱਕ ਭਲੀ ਅਤੇ ਚੰਗੀ ਔਰਤ ਲਈ ਯਸਾਯਾਹ ਵਿਚ ਪੜ੍ਹੋ, ਜਦ ਉਸਨੇ ਆਖਿਆ ਹੈ ਕਿ ਉਹ ਧਰਤੀ ਦੇ ਅੰਤਲੇ ਦਿਨ ਵਿਚ ਘ੍ਰਿਣਾ ਯੋਗ ਗੱਲਾਂ ਤੋਂ ਕਿਸ ਤਰ੍ਹਾਂ ਬਚਣਗੀਆਂ। ਉਹ ਸਿਊਨ ਦੀ ਧੀ ਹੈ ਜੋ ਇਨ੍ਹਾਂ ਧਰਤੀ ਉੱਪਰ ਆਈਆਂ ਸਾਰੀਆਂ ਬੁਰਾਈਆਂ ਤੋਂ ਬਚੇਗੀ।

131 ਹੁਣ, "ਖੁਦਾ ਦੇ ਪੁੱਤਰਾਂ ਨੇ ਮਨੁੱਖ ਦੀਆਂ ਧੀਆਂ ਨੂੰ ਵੇਖਿਆ ਕਿ ਉਹ ਸੋਹਣੀਆਂ ਹਨ, ਅਤੇ ਉਹਨਾਂ ਨੂੰ ਪਤਨੀਆਂ ਬਣਾ ਲਿਆ, ਸਾਰੀਆਂ ਜਿਨ੍ਹਾਂ ਨੂੰ ਚੁਣਿਆ," ਆਓ ਦੂਸਰੀ ਆਈਤ ਨੂੰ ਪੜ੍ਹੀਏ, ਹੁਣ ਇੱਕ ਅੰਤਲੇ ਦਿਨ ਦਾ ਮਹਾਨ ਨਿਸ਼ਾਨ ਹੈ।

> *ਅਤੇ ਪ੍ਰਭੁ ਨੇ ਆਖਿਆ, ਮੇਰਾ ਆਤਮਾ ਸਦਾ ਮਨੁੱਖ ਨੂੰ ਜੋਰ ਨਹੀ ਮਾਰਦਾ ਰਹੇਗਾ,...*

132 ਝੱਟ ਇਹ ਬੀਤ ਜਾਣ ਤੋਂ ਬਾਅਦ ਸ਼ਾਦੀਆਂ ਹੋਣ। ਲੂਕਾ ਉਹ ਸਾਨੂੰ ਦੱਸਦਾ ਹੈ। ਮੈਂ ਇਥੇ ਲਿਖਿਆ ਹੋਇਆ ਹੈ। ਮੈਂ ਸੋਚਦਾ ਹਾਂ ਲੁਕਾ 7:27 ਵਿਚ ਦਸਿਆ ਉਹ, ਕਿਸ ਤਰ੍ਹਾਂ...ਜਾਂ ਲੂਕਾ 17:27 ਨੇ ਉਹ ਆਖਿਆ ਹੈ, "ਕਿ ਉਹ ਕਿਸ ਤਰ੍ਹਾਂ ਹੋਏਗਾ, ਉਹ ਵਿਆਹ ਕਰਦੇ ਅਤੇ ਵਿਆਹ ਜਾਂਦੇ, ਨੂੰਹ ਦੇ ਦਿਨੀ।" ਵੇਖੋ ਇਹ ਕਿਸ ਤਰ੍ਹਾਂ ਸੀ? ਉਹੀ ਗੱਲ ਹੈ। ਮਨੁੱਖ ਮਨ ਨੂੰ ਭਾਉਣ ਵਾਲੀ ਗੱਲ ਵੱਲ ਵੇਖਦੇ ਹਨ। "ਖੁਦਾ ਦੇ ਪੁਤਰ," ਮਿਥੇ ਗਏ ਹਨ ਕਿ ਮੋਰਚੇ ਨੂੰ ਸੰਭਾਲਣ, "ਉਹਨਾਂ ਮਨੁੱਖ ਦੀਆਂ ਧੀਆਂ ਵੇਖੀਆਂ—ਮਨੁੱਖਾਂ ਦੀਆਂ," ਉਹ ਇੰਨੀਆਂ ਲੁਭਾਉਣ ਵਾਲੀਆਂ ਹਨ, ਸੋਹਣੀਆਂ "ਅਤੇ ਉਹਨਾਂ ਨੇ ਉਹਨਾਂ ਨੂੰ ਪਤਨੀਆਂ ਬਣਾ ਲਿਆ, ਅਤੇ ਉਹਨਾਂ ਸ਼ਾਦੀਆਂ ਕੀਤੀਆਂ, ਅਤੇ ਵਿਹਾਏ ਗਏ।" ਉਹੀ ਕੰਮ ਉਹ ਅੱਜ ਕਰ ਰਹੇ ਹਨ। ਸਮਝ ਗਏ?

> *ਅਤੇ ਯਹੋਵਾਹ ਨੇ ਆਖਿਆ ਕਿ ਮੇਰਾ ਆਤਮਾ ਆਦਮੀ ਦੇ ਵਿਰੁਧ ਸਦਾ ਤੀਕਰ ਜੋਰ ਨਹੀ ਮਾਰੇਗਾ ਕਿਉਂਕਿ ਉਹ ਸ਼ਰੀਰ ਹੀ ਹੈ ਸੋ ਉਹ ਦੇ ਦਿਨ ਇੱਕ ਸੌ ਵੀ ਵਰ੍ਹਿਆਂ ਦਾ।*

> *ਅਤੇ ਉਨ੍ਹਾਂ ਦਿਨਾਂ ਵਿੱਚ ਧਰਤੀ ਤੇ ਦੈਂਤ ਹੁੰਦੇ ਸਨ; ਅਤੇ ਉਸ ਤੋਂ ਬਾਅਦ, ਪਰਮੇਸ਼ਵਰ ਦੇ ਪੁੱਤਰ ਆਏ...ਮਨੁੱਖ ਦੀਆਂ ਧੀਆਂ ਕੋਲ ਗਏ ਅਤੇ ਉਨ੍ਹਾਂ ਨੇ ਉਨ੍ਹਾਂ ਲਈ ਪੁੱਤਰ ਜਣੇ ਉਹ ਸੂਰਬੀਰ ਬਣੇ... ਜਿਹੜੇ ਸ਼ੁਰੂ ਤੋਂ ਪ੍ਰਸਿੱਧ ਹੋਏ।*

133 ਧਿਆਨ ਦਿਓ, ਉਹ ਹੁਸ਼ਿਆਰ, ਵਿਦਵਾਨ ਕ੍ਨਾਨੀ ਔਰਤਾਂ, ਨਹੀ... ਕੈਨ ਦੀ ਵੰਸ਼ ਦੀਆਂ, ਸੇਥ ਦੇ ਲੜਕਿਆਂ ਨਾਲ ਜੋ ਹਲੀਮ ਸਨ ਵਿਆਈਆਂ ਗਈਆਂ। ਅਤੇ ਉਥੋਂ "ਦੈਂਤ" ਪੈਦਾ ਹੋਏ ਅਤੇ ਉਹ "ਨਾਮੀ" ਸਨ। ਅਸੀਂ ਵੇਖਦੇ ਹਾਂ ਉਹ ਮਹਾਨ ਸਾਇੰਸਦਾਨ ਬਣੇ, ਲਕੜ ਦੇ ਵੱਡੇ ਕਾਰੀਗਰ, ਮਹਾਂ ਹੁਸ਼ਿਆਰ, ਵਿਦਵਾਨ ਲੋਕ, ਉਹ ਖਾਸ—ਖਾਸ ਮਹਾਨ ਅਰਥ ਪ੍ਰਬੰਧ ਸੀ। ਅਤੇ ਉਹ ਅਜਿਹੇ ਸਾਇੰਸ ਦੇ ਯੁੱਗ ਅੰਦਰ ਰਹਿੰਦੇ ਸਨ, ਇਥੋਂ ਤੱਕ ਕਿ ਉਹਨਾਂ ਮੀਨਾਰ ਬਣਾਏ ਜੋ ਕਿ ਅੱਜ ਅਸੀਂ ਬਣਾ ਨਹੀ ਸਕਦੇ। ਉਹਨਾਂ ਸ਼ੇਰ ਦਾ ਸ਼ਰੀਰ ਇਸਤਰੀ ਦੇ ਚੇਹਰੇ ਦੀਆਂ ਮੂਰਤਾਂ ਅਤੇ ਭੂਤ ਵੱਡੀਆਂ ਚਿਤਕਾਰੀਆਂ ਬਣਾਈਆਂ ਜੋ ਅਸੀਂ ਚੱਟਾਨ ਅੰਦਰ ਵੇਖਦੇ ਹਾਂ। ਉਸ ਸਮੇਂ ਦੇ ਪਰਦੇ ਤੇ, ਉਹ ਅਸੀਂ ਅੱਜ ਵੀ ਮੁੜ ਬਣਾ ਨਹੀ ਸਕਦੇ ਹਾ ਕਿਉਂ ਜੋ ਉਹਨਾਂ ਲੋਕਾਂ ਦਾ ਰੁਝਾਨ ਉਹਨਾਂ ਦੇ ਗਿਆਨ ਤੇ ਸੀ, ਅਤੇ ਹੁਸ਼ਿਆਰ ਮਨੁੱਖ ਅਤੇ ਸਾਇੰਸਦਾਨ ਬਣੇ, ਅਤੇ ਨਾਮੀ ਮਨੁੱਖ ਸਨ।

134 ਪਰ ਖੁਦਾ ਦੇ ਪੁੱਤਰ ਹਲੀਮੀ ਵਿਚ ਰਹੇ, ਉਸ ਤਰ੍ਹਾਂ ਦੀਆਂ ਗੱਲਾਂ ਤੋਂ ਦੂਰ ਰਹੇ, ਅਤੇ ਖੁਦਾ ਅੰਦਰ ਜੁੜੇ ਰਹੇ, ਇਹ ਜਾਣਦੇ ਸਨ ਕਿ ਆਖਿਰ ਤੇ ਸਾਰੀਆਂ ਚੀਜਾਂ ਦੇ ਅਧਿਕਾਰੀ ਹੋਣਗੇ। ਸਮਝੇ?

135 ਇਸ ਲਈ ਅੱਜ ਲੋਕ ਆਖਦੇ ਹਨ, "ਉਹ ਹੁਸ਼ਿਆਰ ਹਨ। ਉਨ੍ਹਾਂ ਪਾਸ *ਇਹ* ਸਭ ਹੈ। ਅਸੀਂ *ਇਹ* ਸਭ ਕਰਦੇ ਹਾਂ।" ਸਾਡੇ ਨਾਲ ਵੱਧ ਹੁਸ਼ਿਆਰ ਹਨ, ਅਤੇ ਅਸੀਂ ਖੁਦਾ ਤੋਂ ਦੂਰ ਸਾਂ। ਹੋਰ ਦੂਰ ਹੋ ਚੁੱਕੇ ਹਾਂ। ਸਮਝੇ? ਤੁਸੀਂ ਹੋਰ ਆਪਣੇ ਆਪ ਨੂੰ ਦੂਰ ਲੈ ਜਾਂਦੇ ਹੋ। ਬਿਲਕੁਲ ਸਹੀ।

136 ਮੈਂ ਹੋਰ ਸਮਾਂ ਪੜ੍ਹਨ ਲਈ ਨਹੀ ਲੈਂਦਾ ਹਾਂ। ਕਿਸੇ ਸਮੇਂ ਜਦ ਤੁਹਾਨੂੰ ਸਮਾਂ ਮਿਲੇ ਇਸ ਉਤਪਤ ਦੇ ਛੇ ਪਾਠ ਨੂੰ ਪੜ੍ਹ ਲਓ, ਕਿ ਕਿਸ ਤਰ੍ਹਾਂ ਉਹ ਗੱਲਾਂ ਬੀਤੀਆਂ।

137 ਸਿਰਫ ਇੱਕ ਛੋਟਾ ਨਿਸ਼ਾਨ, ਮੈਂ ਸੋਚਿਆ, ਮੈਂ ਉਹ ਪੜ੍ਹਿਆ ਸੀ। ਇਸ ਨੂੰ ਇਥੇ ਲਿਖਿਆ ਸੀ, ਮੈਂ ਸਿਰਫ ਦੋ ਜਾਂ ਤਿੰਨ ਆਇਤਾਂ ਤੁਹਾਨੂੰ ਇਸ ਸਮੇਂ ਨੂੰ ਨੂਹ ਦੇ ਸਮੇਂ ਨਾਲ ਮਿਲਾਉਣ ਲਈ ਪੜ੍ਹਾਂਗਾ। ਹੁਣ, ਅਸੀਂ ਵੇਖਦੇ ਹਾਂ ਕਿ ਲੋਕ ਵਿਆਏ ਜਾਂਦੇ ਅਤੇ ਵਿਆਹ ਕਰਦੇ ਹਨ। ਅਸੀਂ ਜਨਾਨੀਆਂ ਦੀ ਸੁੰਦਰਤਾ ਨੂੰ ਵੇਖਦੇ ਹਾਂ। ਜਿਸ ਨੇ ਉਹਨਾਂ ਤੋਂ ਕੱਪੜੇ ਲਾ ਦਿੱਤੇ ਹਨ ਕਿ ਉਹ ਖੁਦਾ ਦੇ ਪੁਤਰਾਂ ਨੂੰ ਮੋਹਿਤ ਕਰਨ।

138 ਹੁਣ, ਸੰਦੇਸ਼ ਦਾ ਇਹ ਭਾਗ ਸਿਰਫ ਔਰਤਾਂ ਤੇ ਹੀ ਲਾਗੂ ਨਹੀ ਹੈ। ਇਥੇ ਮੈਂ ਉਹਨਾਂ ਔਰਤਾਂ ਲਈ ਵੀ ਧੰਨਵਾਦੀ ਹਾਂ, ਉਹ ਸੁਘੜ ਬੀਬੀਆਂ ਹਨ। ਨੌਜਵਾਨ ਬੀਬੀਆਂ ਜੋ ਕਿ ਵਧੀਆ ਇੰਤਜਾਰ ਹਨ। ਉਹ ਨਹੀ ਕਰਦੀਆਂ...

139 ਹੁਣ ਅੱਜ—ਅੱਜ, ਦੀਆਂ ਔਰਤਾਂ ਦੀ ਔਸਤ, ਪਿਛੇ ਵਾਂਗ ਫਗੁੜੀ ਦੇ ਪਤਿਆਂ ਵਾਲੀ ਹੈ, ਜਿਸ ਤਰ੍ਹਾਂ ਕਿ ਹ੍ਵਾਹ ਦੀ ਸੀ। ਅਤੇ ਫਗੁੜੀ ਦਾ ਪੱਤਾ ਅਸਲ ਵਿਚ, ਇੱਕ ਮਨੁੱਖ ਬਣਿਆ ਤਰੀਕਾ ਹੈ, ਛੋਟੇ ਤੰਗ ਵਸਤਰ ਸਿਗਰਟਾਂ ਪੀਣ, ਵਾਲਾ ਦੇ ਕੁਢਲਦਾਰ ਛੱਤੇ ਬਣਾਉਣਾ, ਆਕਰਸ਼ਕ। ਉਹ ਇਸ ਤਰ੍ਹਾਂ ਦੀਆਂ ਬਣ ਤੇ ਉਹਨਾਂ ਦੇ ਪਤੀ ਕੀ ਕਰਨਗੇ ਜੇ ਕਰ ਉਹ ਕਰਦੇ ਹਨ, ਤਾਂ ਉਹ ਇੱਕ ਖੁਦਾ ਦਾ ਪੁੱਤਰ ਨਹੀ ਹੋ ਸਕਦਾ; ਇਹ ਕੈਨ ਦੀ ਨਸਲ ਦਾ ਹੈ। ਅਤੇ ਫਿਰ ਜੇ ਕਰ ਉਹ ਖੁਦਾ ਦਾ ਪੁੱਤਰ ਹੈ, ਉਹ ਤੁਹਾਨੂੰ ਕਹੇਗਾ, “ਆਪਣਾ ਮੂੰਹ ਜਾ ਕੇ ਧੋਵੋ ਅਤੇ ਕੁਝ ਬਸਤਰ ਪਹਿਨੋ।” ਸਮਝੇ? ਠੀਕ ਹੈ।

140 ਹੁਣ, ਖੁਦਾ ਨੇ ਇਸ ਸਮੇਂ ਦੇ ਲਈ ਉਸਨੇ ਆਪਣੇ ਬੱਚਿਆਂ ਦੇ ਲਈ ਫਿਰ ਵਚਨ ਭੇਜਣ ਦੇ ਲਈ ਚੁਣਿਆ ਹੈ, ਅਤੇ ਉਸ ਨੇ ਇੱਕ ਨਬੀ ਨੂੰ ਚੁਣਿਆ ਹੈ, “ਅਤੇ ਖੁਦਾ ਦਾ ਵਚਨ ਨਬੀਆਂ ਪਾਸ ਆਉਂਦਾ ਹੈ।” ਅਤੇ ਨੂੰਹ ਅਤੇ ਹ੍ਨੋਕ ਕਿੰਨੀ ਸੁੰਦਰ ਮਿਸਾਲ ਹਨ! ਤੇ ਕੋਈ ਇੱਕ…ਬਹੁਤ ਵਾਰ ਲੋਕ…

141 ਮੈਂ—ਮੈਂ ਉਹਨਾਂ ਦੇ ਕੁਝ ਸਵਾਲਾਂ ਤੇ ਧਿਆਨ ਦਿੱਤਾ ਮੇਰੇ ਪਾਸ ਜਵਾਬ ਨਹੀ ਹੈ। ਉਹਨਾਂ ਉਹ ਸਵਾਲ ਪੁਛਿਆ, ਬੋਲਿਆ, “ਭਾਈ ਬ੍ਰਾਨਹਮ ਮੈਂ ਤੇਰੇ ਨਾਲ ਸਹਿਮਤ ਨਹੀ ਹਾਂ।” ਉਸ ਪਿਆਰੇ ਭਾਈ ਨੇ ਜੋ ਬਹੁਤ ਵਧੀਆ ਲੇਖ ਟਿਪਣੀਆਂ ਲਿਖੀਆਂ, ਹੁਣ ਭਾਈ ਮੈਂ ਉੜੇ ਵੱਲ ਜਾ ਰਿਹਾ ਹਾਂ…ਉਸ ਸਾਥੀ ਦਾ ਨਾਂ ਕੀ ਹੈ, ਅਸੀਂ ਹੁਣੇ ਉਥੇ ਉਸੇ ਗੱਲ ਦਾ ਹੁਣ ਉਸੇ ਥਾਂ ਤੇ ਪ੍ਰਚਾਰ ਕਰਨ ਜਾ ਰਹੇ ਹਾਂ, ਇਥੇ ਹੋਣ ਵਾਲੀ ਬੰਦਗੀ ਵਿਚ ਇਥੇ ਸਾਊਥ ਪਾਇਨ ਜਗ ਤੇ ਜਾਂ ਸਦਰਨ ਪਾਇਨ ਥਾਂ ਤੇ? (ਕੋਈ ਇੱਕ ਆਖਦਾ ਹੈ, “ਪਾਰਕਰ”—ਸੰਪਾ) ਪਾਰਕਰ। ਥੋਮਸਨ ਪਾਰਕਰ, ਉਸਨੇ ਆਖਿਆ, “ਇੱਕ ਗੱਲ ਹੈ ਜਿਸ ਤੇ ਮੈਂ ਭਾਈ ਬ੍ਰਾਨਹਮ ਨਾਲ ਸਹਿਮਤ ਨਹੀ ਹਾਂ।” ਬੋਲਿਆ, “ਉਸਦੀ ਨਿਹਚਾ ਹੈ ਕਲੀਸਿਯਾ ਕਸ਼ਟਕਾਲ ਵਿਚੋਂ ਨਹੀਂ ਗੁਜਰੇਗੀ।” ਮੈਂ ਆਖਿਆ, “ਮੇਰੀ ਨਿਹਚਾ ਹੈ ਕਲੀਸਿਯਾ ਕਸ਼ਟਕਾਲ ਅੰਦਰ ਸਫਾਈ ਹੋਣ ਲਈ ਲੰਘਦੀ ਹੈ।” ਫਿਰ ਯਿਸੂ ਦੇ ਲਹੂ ਦਾ ਕੀ ਬਣਿਆ? ਸਮਝੇ? ਕੋਈ ਥਾਂ ਤੇ ਕੋਈ ਇੱਕ ਕਹਾਵਤ ਕਿਸੇ ਵਚਨ ਅੰਦਰ ਪਾਈ ਨਹੀ ਜਾਂਦੀ ਕਿ ਕਲੀਸਿਯਾ ਕਸ਼ਟ ਕਾਲ ਵਿਚੋਂ ਦੀ ਹੋ ਕੇ ਗੁਜਰਦੀ ਹੈ।

142 (ਕੋਈ ਜਣਾ ਪੱਖੇ ਨੂੰ ਹਿਲਾਉਂਦਾ ਹੈ—ਸੰਪਾ) ਉਹਨਾਂ ਉਹਨੂੰ ਉਹਨਾਂ ਵੱਲ ਕਰਨਾ ਹੈ ਜੋ ਗੰਜੇ ਸਿਰ ਵਾਲੇ ਨਹੀ ਹਨ। ਜੋ ਛੇਤੀ ਨਾਲ ਹੁਸ ਨਹੀਂ ਜਾਂਦੇ।

143 ਕੋਈ ਵੀ ਥਾਂ ਨਹੀ ਪਾਈ ਜਾਂਦੀ ਕਿ ਕਲੀਸਿਯਾ ਕਦੇ ਕਸ਼ਟਕਾਲ ਦੇ ਵਿਚੋਂ ਦੀ ਲੰਘੇ, ਮਸੀਹ ਦਾ ਲਹੂ, ਮਸੀਹ ਦੇ ਲਹੂ ਦੀ ਭਰਪੂਰੀ ਦੀ ਵਰਤੋਂ, ਯਿਸੂ ਮਸੀਹ ਦਾ ਖੂਨ ਸਾਰੇ ਪਾਪਾਂ ਨੂੰ ਧੋ ਸੁੱਟਦਾ ਹੈ। ਅਸੀਂ ਕਾਹਦੇ ਲਈ ਪਵਿੱਤਰ

ਹੋਣਾ ਹੈ? ਅਸੀਂ ਰੋਜ ਪਵਿੱਤਰ ਹੁੰਦੇ ਹਾਂ, ਕਸ਼ਟਕਾਲ ਨਹੀਂ। ਸੁਣੋ। ਯਿਸੂ ਨੇ ਸੰਤ ਯਹੁੰਨਾ 5:24 ਵਿਚ ਕੀ ਆਖਿਆ ਹੈ, "ਉਹ ਜੋ ਮੇਰਾ ਵਚਨ ਸੁਣਦਾ ਹੈ ਅਤੇ ਉਹਦੀ ਪ੍ਰਤੀਤ ਕਰਦਾ ਹੈ ਜਿਨ ਮੈਨੂੰ ਘੱਲਿਆ ਸਦੀਪਕ ਜੀਵਨ ਉਸੇ ਦਾ ਹੈ ਅਤੇ ਉਸ ਉੱਤੇ ਸਜਾ ਦਾ ਹੁਕਮ ਨਹੀ ਹੁੰਦਾ ਸਗੋਂ ਮੌਤ ਤੋਂ ਪਾਰ ਲੰਘ ਕੇ ਉਹ ਸਦੀਪਕ ਜੀਵਨ ਵਿਚ ਜਾ ਪਹੁੰਚਿਆ ਹੈ।" ਆਮੀਨ।

144 ਹਨੋਕ ਨਬੀ। ਨੂੰਹ ਖੁਦਾ ਦੇ ਸੇਵਾਦਾਰ ਯਹੂਦੀਆਂ ਦੇ ਬਕੀਏ ਦੀ ਮਿਸਾਲ ਹੈ। ਅਤੇ ਹਨੋਕ ਮਹਾਨ ਨਬੀ ਸੀ ਜਿਸ ਨੇ ਪਾਣੀ ਦੇ ਤੁਫਾਨ ਤੋਂ ਪਹਿਲਾਂ ਬਦਲ ਕੇ ਪ੍ਰਭੁ ਦੀ ਆਮਦ ਅੰਦਰ ਬਦਲ ਕੇ ਉਠਾਏ ਜਾਣ ਵਾਲਾ ਅੰਰਮਵਾਕ ਕੀਤਾ ਸੀ। ਨੂੰਹ ਉਸ ਅੰਦਰੋਂ ਹੋ ਕੇ ਲੰਘਿਆ ਸੀ ਕਿ ਧਰਤੀ ਤੇ ਬਾਕੀ ਨਸਲ ਨੂੰ ਬਚਾਈ ਰੱਖੇ।

145 ਹੁਣ, ਖੁਦਾ ਨੇ ਆਪਣੇ ਨਬੀ ਰਾਹੀਂ ਵਚਨ ਭੇਜਿਆ, ਨੂੰਹ ਅਤੇ ਜਦ ਨੂੰਹ ਅਤੇ ਹਨੋਕ ਨੇ ਅੰਗਮਵਾਕ ਕਰਨਾ ਸ਼ੁਰੂ ਕੀਤਾ ਅਤੇ ਤਦ ਪਾਣੀ ਦੇ ਤੁਫਾਨ ਦੇ ਆਉਣ ਤੋਂ ਥੋੜਾ ਕੁ ਪਹਿਲਾਂ ਕੀ ਬੀਤਿਆ ਸੀ? ਹਨੋਕ ਉੱਪਰ ਚਲਾ ਗਿਆ। ਨੂੰਹ ਉਸ ਵਿਚੋਂ ਦੀ ਹੋ ਕੇ ਲੰਘਿਆ, ਵੇਖੋ? ਹਨੋਕ ਉਠਾ ਲਿਆ ਗਿਆ ਸੀ। ਨੂੰਹ ਲਈ ਨਿਸ਼ਾਨ ਹਨੋਕ ਨੂੰ ਵੇਖਣ ਦਾ ਸੀ। ਜਦ ਹਨੋਕ ਉੱਪਰ ਚਲਾ ਗਿਆ, ਅਲੋਪ ਹੋਣਾ, ਫਿਰ ਨੂੰਹ ਨੇ ਜਾਣ ਲਿਆ ਕਿ ਪਾਣੀ ਦਾ ਤੁਫਾਨ ਨੇੜੇ ਆ ਚੁੱਕਾ ਹੈ, "ਕਿਉਂ ਜੋ ਉਹ ਦੀਆਂ ਅੱਖੀਆਂ ਹਨੋਕ ਉੱਤੇ ਲੱਗੀਆਂ ਹੋਈਆਂ ਸਨ।

146 ਹੁਣ ਸ਼ੈਤਾਨ ਨੇ ਇਸ ਸਮੇਂ ਵਿਚ ਉਹੀ ਤਰੀਕਾ ਖੜਾ ਕਰ ਲਿਆ ਹੈ ਜੋ ਉਸਨੇ ਅਦਨ ਦੇ ਬਾਗ ਅੰਦਰ ਵਰਤਿਆ ਸੀ। ਇਹਨਾਂ ਵਚਨ ਵਾਲੇ ਨਬੀਆਂ ਵਿਰੁਧ ਕਾਰਨ ਖੜ੍ਹੇ ਕਰਨਾ। ਉਹੀ ਗੱਲ ਹੁਣ ਸ਼ੈਤਾਨ ਨੇ ਖੜੀ ਕੀਤੀ ਹੈ। ਉਸ ਕੋਲ ਇੱਕ ਜਾਂ ਦੋ ਨਾਲੋਂ ਵੱਧ ਲੋਕ ਹੁਣ ਇਸ ਨਾਲ ਵਰਤਣ ਵਾਲੇ ਹਨ। ਪੁਰਾਣੇ ਜਮਾਨੇ ਦੇ ਆਦਮੀ ਨਾਲੋਂ ਸ਼ਾਇਦ ਹੁਣ ਵੱਧ ਕੇ ਹਨ। ਉਹ ਸਾਰੀ ਧਰਤੀ ਤੇ ਵੱਧ ਚੁਕੇ ਹਨ। ਉਸ ਵੇਲੇ ਉਹਨਾਂ ਦੇ ਸਮੇਂ ਲੋਕਾਂ ਨਾਲ ਧਰਤੀ ਬਹੁਤ ਭਰੀ ਸੀ, ਸ਼ਾਇਦ ਹੁਣ ਨਾਲੋਂ ਕੀਤੇ ਹੋਰ ਵਾਧੂ ਸੀ। ਅਤੇ ਹੁਣ ਵੇਖੋ। ਸ਼ੈਤਾਨ ਦਸਤੂਰ ਵਿਚ (ਇਕ ਹਵਾ ਨਾਲ ਹੀ ਨਹੀ ਵਰਤ ਰਿਹਾ ਹੈ। ਉਸਨੇ ਉਸ ਲਈ ਇੱਕ ਤਰੀਕਾ ਖੜਾ ਕਰ ਦਿੱਤਾ ਸੀ। ਇਹ ਕੀ ਸੀ? ਨਬੀਆਂ ਕੋਲ ਭੇਜੇ ਗਏ ਖੁਦਾ ਦੇ ਵਚਨ ਦਾ ਮੁਕਾਬਲਾ। ਇਹ ਦਾ ਤੁਹਾਨੂੰ ਪਤਾ ਲੱਗਾ? (ਸਭਾ ਆਖਦੀ ਹੈ, "ਆਮੀਨ"—ਸੰਪਾ) ਉਹੀ ਉਹੋ ਪੁਰਾਨੀ ਜਾਲਸ਼ਾਜੀ ਹਰ ਸਮੇਂ ਵਰਤਦਾ ਹੈ। ਖੁਦਾ ਸਦਾ ਉਸੇ ਦੇ ਵਚਨ ਅੰਦਰ ਉਸੇ ਅੰਦਰ ਉਸੇ ਤਰ੍ਹਾਂ ਖੜਾ ਰਹਿੰਦਾ ਹੈ।

147 ਇਥੇ ਨੂੰਹ ਅਤੇ ਹਨੋਕ, **ਯਹੋਵਾਹ ਇਉਂ ਫਰਮਾਉਂਦਾ ਹੈ** ਵਾਲੇ ਵਚਨ ਨਾਲ ਆਏ, ਇੱਕ ਕਿਸ਼ਤੀ ਬਣਾਉਣ ਲਈ। ਹੁਣ ਧਿਆਨ ਦਿਓ, ਖੁਦਾ ਦੇ ਢੰਗ ਤੇ

ਸ਼ੈਤਾਨੀ ਤਰੀਕਾ ਹੱਸਿਆ। ਹੁਣ ਅੱਜ ਨਾਲ ਇਹ ਦੀ ਤੁਲਣਾ ਕਰੋ, "ਪਖੰਡੀ" ਅਤੇ ਕੁਝ ਹੋਰ। ਵੇਖੋ? ਕੁਫਰ ਬਕਣ ਵਾਲੇ, ਬਾਈਬਲ ਨੇ ਦੱਸਿਆ ਹੈ, ਉਹ ਖੁਦਾ ਦੇ ਤਰੀਕੇ ਤੇ ਹੱਸੇ ਖੁਦਾ ਦੇ ਢੰਗ ਤੇ ਸ਼ਤਾਨੀ ਤਰੀਕਾ ਹੱਸਿਆ। ਉਹਨਾਂ ਸੋਚਿਆ ਇਹ ਉਹਨਾਂ ਦੇ ਦਿਨਾਂ ਦੀ ਸਾਇੰਸ ਅਨੁਸਾਰ ਅਤੇ ਕਾਰਨਾ ਨਾਲ ਮੇਲ ਨਹੀ ਖਾਂਦਾ ਹੈ।

148 ਹੁਣ, ਉਹਨਾਂ ਨੇ ਆਖਿਆ, ਉਹ ਬੁੱਢਾ ਜੋ ਪਹਾੜ ਤੇ ਕਿਸ਼ਤੀ ਬਣਾ ਰਿਹਾ ਹੈ ਅਤੇ ਉਹ ਆਖਦਾ ਹੈ ਉਪਰੋਂ ਕੁਝ ਪਾਣੀ ਹੇਠਾਂ ਨੂੰ ਆ ਰਿਹਾ ਹੈ। ਹੁਣ, ਸੰਸਾਰ ਭਰ ਦੀ ਵਧੀਆ ਸਾਇੰਸ ਸਾਡੇ ਕੋਲ ਹੈ। ਹੁਣ ਹੋ ਸਕਦਾ ਹੈ ਉਹਨਾਂ ਕੋਲ ਇੱਕ ਰਡਾਰ ਯੰਤਰ ਹੋਵੇ ਉਸ ਨਾਲ ਉਹ ਠੀਕ ਉਤਾਂਹ ਨੂੰ ਚੰਦ ਵੱਲ ਨਿਸ਼ਾਨਾ ਕਰਕੇ ਅਤੇ ਕੁਝ ਹੋਰ ਕਰ ਕੇ, ਸਬੂਤ ਕਰ ਸਕਦੇ ਹੋਣ ਕਿ ਉਥੇ ਉੱਪਰ ਕੋਈ ਪਾਣੀ ਨਹੀਂ ਹੈ। ਹੁਣ ਕਿਥੋਂ ਕਿਸ ਤਰ੍ਹਾਂ ਕੁਝ ਹੇਠਾਂ ਆ ਰਿਹਾ ਹੈ? ਬੁੱਢੇ ਸਾਥੀ, "ਤੂੰ ਮੂਰਖ ਹੈਂ।"

"ਪਰ ਮੇਰੇ ਕੋਲ **ਯਹੋਵਾਹ ਇਉਂ ਫਰਮਾਉਂਦਾ ਹੈ** ਵਾਲਾ ਵਚਨ ਹੈ।" ਜਰੂਰ ਬਣਾ ਲੈ।

149 ਠੀਕ ਕਿਸ਼ਤੀ ਦੇ ਦਰਵਾਜੇ ਅੰਦਰ ਖੜ੍ਹਾ ਹੋ ਕੇ ਅੰਜੀਲ ਦਾ ਪ੍ਰਚਾਰ ਕਰਦ ਹੋਏ ਅਤੇ ਬਣਾਉਂਦੇ ਹੋਏ ਅਤੇ ਨੂੰਹ ਤੇ ਧਿਆਨ ਰੱਖਦੇ ਹੋਏ। ਜਦ ਉਹ ਇਕ ਸ਼ਾਮ ਨੂੰ ਅੰਦਰ ਆਇਆ, ਬੋਲਿਆ, "ਕੀ ਉਹਨਾਂ ਨੇ ਹੇਠਾਂ ਉਥੇ ਉਹ ਮੰਨ ਲਿਆ?"

150 "ਨਹੀਂ। ਉਹਨਾਂ ਨੇ ਮੇਰਾ ਹਾਸਾ ਉਡਾਇਆ। ਉਹਨਾਂ ਮੇਰੇ ਤੇ ਗੰਦੇ ਅੰਡੇ ਸੁੱਟੇ, ਅਤੇ ਹੋਰ ਸਭ ਕੁਝ ਕੀਤਾ।"

151 "ਇਥੇ ਵੀ ਉਹੀ ਚੀਜ਼ ਕੀਤੀ ਹੈ, ਪਰ ਆਓ ਅਸੀਂ ਉਸ ਨੂੰ ਪਰੇ ਪੀਹ ਸੁੱਟੀਏ।" ਵੇਖੋ? "ਉਹ ਉਹ ਮੈਨੂੰ ਪਵਿੱਤਰ ਪਖੰਡੀ ਆਖਦੇ ਹਨ।" ਅਤੇ ਹੋਰ ਸਭ ਕੁਝ ਵੀ, ਪਰ ਉਹ ਸਭ ਸਹੀ ਹੈ।

152 ਉਹ ਸਭੇ ਪ੍ਰਾਰਥਨਾ ਬੰਦਗੀ ਲਈ ਇੱਕਠੇ ਹੋਏ, ਅਤੇ ਬਸ ਉਸੇ ਤਰ੍ਹਾਂ ਕਰਦੇ ਗਏ, ਵੇਖੋ ਬਸ ਉਸੇ ਤਰ੍ਹਾਂ ਜਿਸ ਤਰ੍ਹਾਂ ਅੱਜ ਕਰਦੇ ਹਨ। ਕਿਉਂ ਜੋ ਉਹ ਜਾਣਦੇ ਸਨ ਕਿ ਉਹ ਸੁਰਖਿਅਤ ਕੀਤੇ ਗਏ ਸਨ, ਕਿਉਂ ਜੋ ਉਹ **ਯਹੋਵਾਹ ਇਉਂ ਫਰਮਾਉਂਦਾ ਹੈ**, ਪਿਛੇ ਖੜ੍ਹੇ ਸਨ।

153 ਹੁਣ ਆਮ ਢੰਗ ਨਾਲ ਕਾਰਨ ਖੜ੍ਹਾ ਕਰਨ ਵਾਲਾ ਕਹੇਗਾ, "ਔਹ, ਉਹ ਤਾਂ ਮੂਰਖਤਾਈ ਦੀ ਗੱਲ ਹੈ।" ਇਕ ਵਾਰ ਇਕ ਔਰਤ ਬੋਲੀ…

154 ਇੱਕ ਸਮੇਂ ਮੈਂ ਸਾਂ…ਇਸ ਲੜਕੇ ਨੂੰ ਬੈਪਟਿਸਟ ਸਕੂਲ ਅੰਦਰ ਐਤਵਾਰ ਦੇ ਸਕੂਲ ਤੇ ਸਿਖਾਇਆ ਇੱਕ ਰਾਤ ਵੇਲੇ ਮੈਂ ਉਥੇ ਪ੍ਰਚਾਰ ਕਰ ਰਿਹਾ ਸਾਂ।

ਅਤੇ ਮੈਂ ਉਹ ਨੂੰ ਸ਼ਹਿਰ ਅੰਦਰ ਮਿਲਿਆ, ਆਪਣੇ ਸਾਇਕਲ ਤੇ ਸਾਂ। ਮੈਂ ਸ਼ਹਿਰ ਅੰਦਰ ਉਸਨੂੰ ਮਿਲਿਆ ਸਾਂ। ਉਹ ਇਕ ਸਾਇਕਲ ਤੇ ਸਵਾਰ ਸੀ। ਉਹ ਪਾਸੇ ਤੇ ਉਤਰਿਆ। ਉਸਨੇ ਆਖਿਆ, "ਮੈਂ ਉਸ ਤੱਕ ਜੋ ਤੂੰ ਕਹਿ ਰਿਹਾ ਸੀ ਉਸ ਦਾ ਅਨੰਦ ਮਨਾਉਂਦਾ ਰਿਹਾ ਜਦ ਤੱਕ ਉਹ ਔਰਤ ਉੱਚੀ ਚਿਲੀ ਅਤੇ ਰੌਲਾ ਪਾਉਂਦੀ ਗਈ, ਸਾਰੇ ਲੋਕ 'ਆਮੀਨ' ਆਖਦੇ ਗਏ ਅਤੇ ਬੋਲਿਆ, "ਬਸ ਮੈਂ ਇਹ ਸਹਾਰ ਹੀ ਨਾ ਸਕਿਆ।" ਵੇਖੋ? ਉਸ ਦੱਸਿਆ, "ਉਨ੍ਹਾਂ ਲੋਕਾਂ ਦਾ 'ਆਮੀਨ' ਸੁਣਨ ਤੇ ਮੇਰੀ ਕਮਰ ਨੂੰ ਕਾਂਬਾ ਛਿੜ ਗਿਆ, ਠੀਕ ਉਸੇ ਸਮੇਂ ਦੀ ਗੱਲ ਹੈ ਜਦ ਤੁਸੀਂ ਕੁਝ ਕਹਿ ਰਹੇ ਸੀ।"

155 ਮੈਂ ਆਖਿਆ, "ਭਾਈ ਮੇਰੇ ਤੇ ਉਸ ਤਰ੍ਹਾਂ ਦਾ ਅਸਰ ਨਾ ਪਾਓ।" ਮੈਂ ਆਖਿਆ, "ਉਹ ਬੋਲਿਆ..." ਮੈਂ ਕਿਹਾ, "ਮੈਂ ਤੁਹਾਨੂੰ ਦੱਸਾਂਗਾ।" ਮੈਂ ਕਿਹਾ, "ਤੂੰ 'ਆਮੀਨ' ਕਹਿਣ ਤੇ ਨਿਹਚਾ ਨਹੀ ਰੱਖਦਾ ਹੈ...ਅਤੇ ਉਸ ਥੋੜ੍ਹੀ ਆਵਾਜ਼ ਉੱਚੀ ਚੁੱਕਣ ਅਤੇ ਉਹਨਾਂ ਗੱਲਾਂ ਅੰਦਰ ਜੋ ਉਹ ਕਰ ਰਹੇ ਸਨ?"

ਬੋਲਿਆ, "ਨਹੀ, ਮੈਂ ਉਹ ਦੀ ਨਿਹਚਾ ਨਹੀ ਕਰਦਾ ਹਾਂ।"

156 ਮੈਂ ਦੱਸਿਆ, "ਜੇ ਕਰ ਤੂੰ ਕਦੇ ਆਸਮਾਨ ਵਿਚ ਚਲਿਆ ਜਾਵੇਂ, ਤੂੰ ਸ਼ੀਤਲ ਹੋ ਜਾਏਂਗਾ।" ਮੈਂ ਆਖਿਆ, "ਕਿਉਂ ਜੋ ਉਹ ਕਰਦੇ ਹਨ...ਜੇ ਕਰ ਉਹਨੇ ਤੇਰੀ ਕਮਰ ਨੂੰ ਕੰਬਣੀ ਲਾ ਦਿੱਤੀ ਹੈ, ਤਾਂ ਕੀ ਬਨਾ ਜਦ ਦੂਤ ਦਿਨ ਰਾਤ ਖੁਦਾ ਦੇ ਸਾਹਮਣੇ ਖੜ੍ਹੇ ਹੋ ਕੇ ਉੱਚੀ ਪੁਕਾਰਦੇ ਹਨ। ਪਵਿੱਤਰ, ਪਵਿੱਤਰ, ਸਰਬਸ਼ਕਤੀਮਾਨ ਹੈ ਖੁਦਾ ਯਹੋਵਾਹ, ਪਵਿੱਤਰ, ਪਵਿੱਤਰ, ਪਵਿੱਤਰ? ਕਿਉਂ ਇਹੀ ਹੈ ਉਹ ਸ਼ਾਂਤੀ ਪੂਰਵਕ ਸੰਸਾਰ ਤੁਸੀਂ ਕਦੇ ਜਿਸ ਅੰਦਰ ਰਹਿਣਾ ਹੈ।" ਉਹ ਗੱਲ ਸਹੀ ਹੈ।

157 ਨਰਕ ਵਿਚ ਰੋਣਾ ਅਤੇ ਕਚੀਚੀਆਂ ਦਾ ਵੱਟਣਾ ਹੋਵੇਗਾ। ਆਕਾਸ਼ ਅੰਦਰ ਖੁਸ਼ੀ ਨਾਲ ਹੱਸਣਾ ਅਤੇ ਪੁਕਾਰਨਾ ਹੋਵੇਗਾ। ਇਸ ਲਈ ਤੁਸੀਂ ਅੰਦਰ— ਤੁਸੀਂ ਉਸੇ ਤਰ੍ਹਾਂ ਸ਼ਾਂਤੀ ਪੂਰਵਕ ਸਥਾਨ ਵਿਚ ਜਿਥੇ ਕਦੇ ਰਹਿਣਾ ਹੈ ਉਸੇ ਅੰਦਰ ਹੁਣੇ ਪਾਏ ਜਾ ਰਹੇ ਹੋ। ਇਸ ਲਈ ਤੁਸੀਂ ਦੋਨੋ ਵਿਚੋਂ ਇਕ ਜਿਸ ਵਿਚ ਹੋਣਾ ਉਸੇ ਵਿਚ ਹੋਵੋਗੇ। ਇਸ ਲਈ ਮੈਂ ਬਸ ਇਕ ਹੱਦ ਤੱਕ ਆਪਣੀ ਪਸੰਦ ਨੂੰ ਲੈ ਕੇ ਅਤੇ ਖੁਦਾ ਦੇ ਵਚਨ ਦੇ ਪਿਛੇ ਹੋ ਜਾਵਾਂ। ਕੀ ਤੁਸੀਂ ਨਹੀ ਹੋਵੋਂਗੇ? (ਸਭਾ ਆਖਦੀ ਹੈ, "ਆਮੀਨ"—ਸੰਪਾ) ਬੱਸ ਇਸੇ ਨੂੰ ਦੱਬੀ ਜਾਓ। "ਇਹ **ਯਹੋਵਾਹ ਇਉਂ ਫਰਮਾਉਂਦਾ ਹੈ ਵਾਲਾ ਵਚਨ ਹੈ। ਯਹੋਵਾਹ ਇਉਂ ਫਰਮਾਉਂਦਾ ਹੈ।**" ਬਸ ਇਸੇ ਨੂੰ ਦੱਬੀ ਜਾਓ। ਬਿਲਕੁਲ ਸਹੀ।

158 ਹਾਂ, ਇਹ ਉਸਦੇ ਸਾਇੰਸ ਦੇ ਵਿਸ਼ੇਸ਼ ਵਿਵਰਣ ਅਨੁਸਾਰ ਢੁਕਦਾ ਨਹੀ ਹੈ। ਅਤੇ ਅੱਜ, ਜਦ ਤੱਕ ਕਿ ਉਹ ਵੇਖਦੇ ਹਨ ਖੁਦਾ ਦਾ ਆਤਮਾ ਜਿਸ ਤਰ੍ਹਾਂ

ਉਸਨੇ ਆਖਿਆ ਹੈ, ਦਿਲ ਦੇ ਵਿਚਾਰਾਂ ਨੂੰ ਬੁਝ ਸਕਦਾ ਹੈ। ਬੁਖਦਾ ਹੈ ਅਤੇ ਅਗੰਮਵਾਕ ਕਰੇਗਾ, ਭਰਾਈ ਭਾਖਿਆ ਬੋਲਦਾ ਅਤੇ ਅਰਥ ਕਰਦਾ ਹੈ, ਇਹ ਸਭ ਵੱਖ—ਵੱਖ ਦਾਤਾਂ, ਉਹ ਆਖਦੇ ਹਨ "ਇਹ ਹੈ ਦੂਰਸੰਵੇਦਨ।" ਵੇਖੋ? ਉਹ ਇਸੇ ਨੂੰ ਅੰਦਰ ਲਿਆਉਣ ਦੀ ਕੋਸ਼ਿਸ਼ ਕਰ ਰਹੇ ਹਨ। ਉਹ ਆਖਦੇ ਹਨ, "ਠੀਕ ਹੈ, ਅਸੀਂ ਵੇਖਦੇ ਹਾਂ ਇਹ ਹੋਇਆ ਹੈ, ਪਰ ਤੁਸੀਂ ਜਾਣਦੇ ਹੋ ਇਹ ਕੀ ਹੈ, ਬਸ ਇਹ ਤਾਂ ਇੱਕ ਮਨੁੱਖੀ ਕੰਮ ਹੈ ਮਨੁੱਖ ਦੀ ਦੂਰੋਂ ਗੱਲ ਦਾ ਪਤਾ ਕਰ ਲੈਣਾ।" ਪਰ ਇਹ ਹੈ **ਯਹੋਵਾਹ ਇਉਂ ਫਰਮਾਉਂਦਾ ਹੈ।**

159 ਯਿਸੂ ਨੇ ਆਖਿਆ, "ਨਿਹਚਾ ਕਰਨ ਵਾਲਿਆਂ ਨਾਲ ਇਹ ਨਿਸ਼ਾਨ ਹੋਣਗੇ।" ਉਹ ਕੁਝ ਹੈ ਜੋ ਮੈਂ ਚਾਹੁੰਦਾ ਹਾਂ? "ਸੰਸਾਰ ਦੇ ਅੰਤ ਤੱਕ।"

160 ਇਹ ਉਹਨਾਂ ਦੀ ਸਾਇੰਸ ਦੀ ਖੋਜ ਅਨੁਸਾਰ ਨਹੀ ਢੁਕਦੇ ਹਨ, ਇਸੇ ਲਈ ਉਹ ਇਸ ਤੇ ਹੱਸਦੇ ਹਨ। ਅਤੇ ਉਹਨਾਂ ਨੇ ਉਹੀ ਗੱਲ ਨੂੰਹ ਦੇ ਦਿਨਾਂ ਅੰਦਰ ਕੀਤੀ, ਔਹ ਹਾਂ, ਇਹ ਉਹਨਾਂ ਦੇ ਕਾਰਨਾ ਅਨੁਸਾਰ ਨਹੀ ਹੈ। ਤੁਸੀਂ ਇਸਦੇ ਕਾਰਨ ਨਹੀ ਬਣਾ ਸਕਦੇ। ਪਰ ਇਹ ਤਾਂ ਖ਼ੁਦਾ ਦਾ ਵਚਨ ਹੈ ਬਸ ਇਕੋ ਜਿਹਾ ਹੀ ਹੁੰਦਾ ਹੈ। ਸਭ ਠੀਕ ਹੈ।

161 ਇਸ ਲਈ ਸ਼ੈਤਾਨ ਨੇ ਨੂੰਹ ਦੇ ਝੁੰਡ ਤੇ ਹਮਲਾ ਕੀਤਾ, ਜਿਸ ਤਰ੍ਹਾਂ ਕਿ ਉਸਨੇ ਅਦਨ ਅੰਦਰ ਕੀਤਾ ਸੀ। ਅਤੇ ਹਰੇਕ ਨੇ ਨਿਹਚਾ ਨਾਲ ਚੋਣ ਕਰਨੀ ਸੀ। ਮਹਿਮਾ ਹੋਵੇ! ਤੁਹਾਡੀ ਖਰੀਦੀ ਕੋਈ ਚੀਜ਼ ਨਹੀ, ਪਰ ਨਿਹਚਾ ਰਾਹੀਂ। ਅਤੇ ਸਿਰਫ ਇੱਕ ਹੀ ਰਾਹ ਜਿਸ ਰਾਹੀਂ ਤੁਸੀਂ ਕਰ ਸਕਦੇ ਹੋ, ਨਿਹਚਾ ਨਾਲ, ਇੱਕ ਜੱਥੇਬੰਦੀ ਦੇ ਝੂਠ ਦਾ ਵਿਸ਼ਵਾਸ ਕਰਨਾ, ਪਹਿਲਾਂ ਹੀ ਖ਼ੁਦਾ ਦੇ ਵਚਨ ਦਾ ਇਨਕਾਰੀ ਹੋਣਾ ਹੈ। ਤੁਸੀਂ ਮੁਕਤੀ ਬਾਰੇ ਸੋਚ ਰਹੇ ਹੋ? *ਉਹ* ਕਿਸ ਤਰ੍ਹਾਂ ਹੈ। ਅਤੇ ਇਸ ਦੀ ਬੇਪ੍ਰਤੀਤੀ ਕਰਨ ਸਕਣ ਦਾ ਤੁਹਾਡੇ ਲਈ ਕੇਵਲ ਇੱਕ ਹੀ ਰਾਹ ਹੈ ਕਿ ਤੁਸੀਂ ਸ਼ੈਤਾਨ ਦੀ ਇੱਕ ਜਾਲਸਾਜੀ ਵਾਲੇ ਝੂਠ ਤੇ ਆਪਣੀ ਨਿਹਚਾ ਲਿਆਉਣੀ ਹੈ, ਕਾਰਨ ਰਾਹੀਂ, ਖ਼ੁਦਾ ਦੇ ਵਚਨ ਤੇ ਨਿਹਚਾ ਲਿਆਉਣ ਦੀ ਬਜਾਏ, ਜਿਸ ਰਾਹੀਂ ਤੁਸੀਂ ਨਵਾਂ ਜਨਮ ਪਾਉਣਾ ਹੈ, ਅਤੇ ਜਦ ਤੁਸੀਂ ਪਾ ਲੈਂਦੇ ਹੋ, ਇਹ ਨਿਸ਼ਾਨ ਨਿਹਚਾਵਾਨਾਂ ਅੰਦਰ ਪਾਏ ਜਾਣਗੇ ਔਹ, ਮੈਂ ਇਸ ਨੂੰ ਪਿਆਰ ਕਰਦਾ ਹਾਂ। ਉਹ ਗੱਲ ਮੈਨੂੰ ਬਹੁਤ ਚੰਗੀ ਲੱਗਦੀ ਹੈ। ਸਮਝ ਗਏ?

162 ਉਸਦੇ ਵਚਨ ਤੇ ਨਿਹਚਾ ਕਰੋ, ਕੋਈ ਮਾਮਲਾ ਹੀ ਨਹੀ ਚਾਹੇ ਕੋਈ ਕੁਝ ਵੀ ਕਹੇ। "ਖ਼ੁਦਾ ਜੋ ਬੋਲਿਆ ਹੈ। ਖ਼ੁਦਾ ਜੋ ਬੋਲਿਆ ਹੈ।"

ਆਖਦੇ, "ਠੀਕ, ਇਹ *ਉਹ—ਅਤੇ—ਉਹ* ਹੈ।"

"ਪਰ, ਖ਼ੁਦਾ ਨੇ ਜੋ ਬੋਲਿਆ ਹੈ।"

"ਠੀਕ, ਅਸੀਂ ਪ੍ਰੈਸਬਿਟੇਰਿਅਨ"

"ਮੈਂ ਪ੍ਰਵਾਹ ਨਹੀ ਕਰਦਾ ਹਾਂ। ਖੁਦਾ ਨੇ ਜੋ ਬੋਲਿਆ ਹੈ।"

"ਅਸੀਂ ਹਾਂ ਬੇਪ..."

"ਮੈਂ ਪ੍ਰਵਾਹ ਨਹੀ ਕਰਦਾ ਖੁਦਾ ਨੇ ਜੋ ਬੋਲਿਆ ਹੈ।" ਵੇਖੋ?

"ਅਸੀਂ ਕੈਥੋਲਿਕ ਹਾਂ।"

"ਖੁਦਾ ਨੇ ਜੋ ਬੋਲਿਆ ਹੈ।" ਵੇਖੋ? ਠੀਕ ਉਸੇ ਤੇ ਟਿਕੇ ਰਹੋ।

"ਖੈਰਸਾਡੇ ਪਾਸਟਰ ਪਾਸ *ਐਨੀਆਂ* ਵੱਧ ਪੱਦਵੀਆਂ ਹਨ।"

"ਪਰ, ਖੁਦਾ ਜੋ ਬੋਲਿਆ ਹੈ।"

"ਸਾਡੇ ਪੋਪਾਂ ਕੋਲ ਇਹ ਹੈ, ਸਾਡੇ ਬਿਸ਼ਪਾਂ ਕੋਲ ਇਹ ਹੈ।"

163 ਪਰ ਖੁਦਾ ਜੋ ਬੋਲਿਆ ਹੈ, "ਠੀਕ ਉਸੇ ਤੇ ਖੜੇ ਰਹੋ। ਇਹ ਤੁਹਾਡੀ ਕਿਲਾਬੰਦੀ ਹੈ, ਖੁਦਾ ਦੇ ਵਚਨ ਅੰਦਰ ਹੀ ਬਚਾਓ ਦਾ ਕਿਲਾ ਹੈ, ਕੱਜੇ ਰਹੋ, ਤੁਸੀਂ ਕਿਸ ਤਰ੍ਹਾਂ ਹੋ...

164 ਕਾਰਨ ਤੁਹਾਡਾ ਬਪਤਿਸਮਾ ਵਚਨ ਅੰਦਰ ਹੋਇਆ ਹੈ। ਉਹ ਸਹੀ ਹੈ। "ਇੱਕ ਆਤਮਾ, ਨਾਲ ਸਾਡਾ ਸਭਨਾ ਨੂੰ ਇੱਕ ਬਦਨ ਹੋਣ ਲਈ ਬਪਤਿਸਮਾ ਹੋਇਆ ਹੈ, ਅਤੇ ਉਹ ਬਦਨ ਮਸੀਹ ਹੈ।" ਕੀ ਇਹ ਸਹੀ ਹੈ? (ਸਭਾ ਬੋਲਦੀ ਹੈ, "ਆਮੀਨ"—ਸੰਪਾ) ਹਾਂ, ਸ਼੍ਰੀਮਾਨ ਜੀ। "ਇੱਕ ਆਤਮਾ ਨਾਲ, ਸਭਨਾਂ ਨੂੰ ਖੁਦਾ ਦੇ ਬਦਨ ਅੰਦਰ ਬਪਤਿਸਮਾ ਹੋਇਆ ਹੈ।" ਫਿਰ ਤੁਹਾਡਾ ਬਪਤਿਸਮਾ ਖੁਦਾ ਵਿਚ ਹੋਇਆ ਹੈ। ਤੁਸੀਂ ਖੁਦਾ ਦੇ ਵਚਨ ਅੰਦਰ ਕਿਲੇਬੰਦ ਹੋ, ਉਹੀ ਤੁਹਾਡਾ ਕਿਲਾ ਹੈ। ਉਹੀ ਉੱਚਾ ਬੁਰਜ ਹੈ। "ਪ੍ਰਭੂ ਦਾ ਨਾਮ ਹੀ ਇੱਕ ਮਹਾਨ ਕਿਲਾ ਹੈ। ਧਰਮੀ ਨੱਠ ਕੇ ਉਸ ਵਿਚ ਜਾਂਦਾ ਅਤੇ ਸੁਰਖਿਅਤ ਰਹਿੰਦਾ ਹੈ।" ਉਹੋ ਮੇਰਾ ਕਿਲਾ ਹੈ, ਮੇਰੀ ਸਿਪਰ, ਮੇਰੀ ਢਾਲ, ਮੇਰਾ ਟੋਪ, ਮੇਰਾ ਕੋਟ, ਮੇਰਾ ਦਿਲ, ਮੇਰਾ ਸਭ ਵਿਚ ਸਭ, ਖੁਦਾ ਸਭਨਾਂ ਵਿਚ ਸਭ ਹੈ। ਉਸੇ ਅੰਦਰ ਲੁਕੇ ਰਹੋ। ਸੰਸਾਰ ਵਲੋਂ ਮਰੇ ਰਹੋ। ਉਸੇ ਅੰਦਰ ਹੋ ਕੇ ਜੀ ਉਥੇ ਹਾਂ। ਮੈਂ ਅਗਾਂਹ ਨੂੰ ਆਪ ਜਿਉਂਦਾ ਨਹੀ ਹਾਂ, ਪਰ ਮਸੀਹ ਮੇਰੇ ਵਿਚ ਜਿਉਂਦਾ ਹੈ।

ਅਸੀਂ ਉਸ ਸੁਹਾਵਣੇ ਆਉਣ ਵਾਲੇ ਹਜਾਰ ਸਾਲ ਦੇ ਦਿਨ
ਦੀ ਉਡੀਕ ਵਿਚ ਹਾਂ,
ਜਦ ਆਲੀਸ਼ਾਨ ਨਾਲ ਭਰਿਆ ਪ੍ਰਭੂ ਆਏਗਾ ਅਤੇ
ਇੰਤਜ਼ਾਰ ਕਰਦੀ ਲਾੜੀ ਨੂੰ ਉਠਾ ਲੈ ਜਾਏਗਾ;

ਔਹ, ਸੰਸਾਰ ਹੌਕੇ ਭਰ ਰਿਹਾ ਹੈ, ਉਸ ਮਿੱਠੇ ਛੁਟਕਾਰੇ
ਲਈ ਚਿੱਲਾ ਰਿਹਾ ਹੈ।
ਜਦ ਫਿਰ ਸਾਡਾ ਮੁਕਤੀਦਾਤਾ ਧਰਤੀ ਤੇ ਵਾਪਿਸ
ਆਏਗਾ (ਤਦ ਹਲੀਮ ਧਰਤੀ ਦੇ ਵਾਰਸ ਹੋਣਗੇ)

165 ਹਰੇਕ ਨੇ ਨਿਹਚਾ ਨਾਲ ਚੋਣ ਕਰਨੀ ਸੀ। ਤੁਸੀਂ ਇਹੀ ਕਰਨਾ ਹੈ। ਤੁਸੀਂ ਅੱਜ ਨਿਹਚਾ ਕਰੋ। ਸ਼ੈਤਾਨ ਦੇ ਝੂਠ ਜਾਂ ਖੁਦਾ ਦੇ ਵਚਨ ਤੇ ਨਿਹਚਾ ਕਰੋ। ਉਹਨਾਂ ਵਿਚੋਂ ਕਿਸੇ ਇੱਕ ਤੇ। ਹੁਣ, ਅਸੀਂ ਵੇਖਦੇ ਹਾਂ...

166 ਬਸ ਆਓ ਇੱਕ ਮਿੰਟ ਲਈ ਨੂੰਹ ਨੂੰ ਲਈਏ, ਇਸ ਤੋਂ ਪਹਿਲਾਂ ਕਿ ਅਸੀਂ ਇਥੇ ਹੀ ਛਡ ਦੇਈਏ। ਮੈਂ ਅੰਦਾਜਾ ਲਾ ਸਕਦਾ ਹਾਂ, ਨੂੰਹ ਬਾਰੇ ਤੁਸੀਂ ਜਾਣਦੇ ਹੋ। ਉਸਨੂੰ ਕਿਸੇ ਹਾਲਤ ਵਿਚੋਂ ਦੀ ਲੰਘਣਾ ਸੀ। ਮੇਰੀ ਕਿਆਸ, ਉਹ ਗਲੀ ਵੱਲ ਇਹ ਕਹਿੰਦੇ ਉਤਰ ਜਾਂਦਾ, "ਨਿਆਂ ਆ ਰਿਹਾ ਹੈ।"

ਉਹ ਆਖਦੇ ਹਨ, "ਕਾਰਨ ਕੀ ਹੈ...ਉਹ ਕਿਸ ਤਰ੍ਹਾਂ ਦਾ ਨਿਆਂ ਹੋਵੇਗਾ?"

167 "ਇਸ ਪਾਪ ਭਰੀ ਪੀੜ੍ਹੀ ਤੇ ਖੁਦਾ ਦਾ ਪਾਪ ਦੰਡ ਹੈ। ਖੁਦਾ ਦੇ ਪੁੱਤਰਾਂ ਨੇ ਕੈਨ ਦੀਆਂ ਧੀਆਂ ਨਾਲ ਵਿਆਹ ਕੀਤਾ ਹੈ। ਅਤੇ ਉਹ ਉਥੇ ਅਪੜੇ ਹਨ। ਵੇਖੋ ਤੁਸੀਂ ਕਿਸ ਤਰ੍ਹਾਂ ਦੇ ਹੋ ਗਏ ਹੋ। ਤੁਸੀਂ ਖੁਦਾ ਨੂੰ ਛੱਡ ਦਿੱਤਾ ਹੈ। ਤੁਸੀਂ ਆਪਣੀ ਕਿਸਮ ਦੇ ਧਾਰਮਿਕ ਤਰੀਕੇ ਅਪਨਾਏ ਹਨ। ਤੁਸੀਂ ਇਹ ਸਭ ਗੱਲਾਂ ਅਪਣਾਈਆਂ ਹਨ, ਪਰ ਖੁਦਾ ਧਰਤੀ ਤੇ ਪਾਪ ਦਾ ਦੰਡ ਦੇਵੇਗਾ।"

168 ਬੋਲੇ, "ਵਿਚਾਰਾ ਬੁੱਢਾ, ਉਹ ਹੋਰ ਕਿਸਮ ਦਾ ਹੈ...ਬਸ ਉਹ ਨੂੰ ਰਹਿਣ ਦਿਓ। ਵੇਖੋ? ਉਹ ਹੈ..."

169 ਪਰ ਉਸ ਕੋਲ **ਯਹੋਵਾਹ ਇਉਂ ਫ਼ਰ੍ਮਾਉਂਦਾ** ਹੈ ਸੀ। ਜੋ ਉਹ ਕਹਿ ਰਿਹਾ ਸੀ ਉਸਦਾ ਸਬੂਤ ਵੀ ਦੇ ਸਕਿਆ, ਪਰ ਉਹਨਾਂ ਉਹ ਦਾ ਵਿਸ਼ਵਾਸ ਨਾ ਕੀਤਾ। ਸਮਝੇ? ਉਸ ਕੋਲ ਖੁਦਾ ਦਾ ਵਚਨ ਸੀ।

170 ਹੁਣ ਹੋ ਸਕਦਾ ਹੈ, ਦਿਨ ਪ੍ਰਤਿਦਿਨ, ਉਹ ਹੱਸੇ ਅਤੇ ਉਸ ਦਾ ਤਮਾਸ਼ਾ ਉਡਾਇਆ, ਹੋ ਸਕਦਾ ਹੈ ਬੱਚਿਆਂ ਨੇ ਜੋਰ ਨਾਲ ਉੱਚੀ ਉਸ ਦਾ ਹਾਸਾ ਉਡਾਇਆ।

171 ਖੈਰ ਕੁਝ ਵੀ ਹੋਇਆ, ਪਰ ਨੂੰਹ ਪ੍ਰਚਾਰ ਕਰਦਾ ਹੀ ਚਲਾ ਗਿਆ। ਅਤੇ ਉਸ ਦਾ ਸਾਰਾ ਪਰਿਵਾਰ ਅਤੇ ਉਸਦੇ ਸਭ ਤਬਦੀਲ ਹੋਏ ਲੋਕ ਨਿਹਚਾ ਕਰਦੇ ਗਏ, ਕੁਝ ਵੀ ਸੀ, ਸਭ ਜੋ ਨੂੰਹ ਦੇ ਪਿੱਛੇ ਸਨ ਉਹਨਾਂ ਨੂੰਹ ਦਾ ਵਿਸ਼ਵਾਸ ਕੀਤਾ, ਸਹੀ ਗੱਲ ਹੈ ਉਹਨਾਂ ਆਪਣੀ ਪਸੰਦ ਦੀ ਚੋਣ ਕਰਨੀ ਸੀ, ਕਿ ਸੰਸਾਰ ਜੋ

ਆਖਦਾ ਹੈ ਉਹ ਦੀ ਨਿਹਚਾ ਕਰਨ, ਜਾਂ ਜੋ ਮਹਾਨ ਮਸ਼ਹ ਵਾਲਾ ਨਬੀ ਆਖਦਾ ਹੈ ਉਸ ਤੇ ਵਿਸ਼ਵਾਸ ਕਰਨ।

172 ਇਸ ਲਈ ਉਸਨੇ ਆਖਿਆ, "ਹੁਣ ਗੌਹ ਕਰੋ। ਹਨੋਕ ਇਹਨਾਂ ਦਿਨਾਂ ਵਿਚ ਕਿਸੇ ਵੇਲੇ ਕਲੀਸਿਯਾ ਹਨੋਕ ਜਾਣ ਹੀ ਵਾਲਾ ਹੈ। ਅਤੇ ਜਦ ਉਹ ਚਲਾ ਜਾਂਦਾ ਹੈ। ਜਦ ਹਨੋਕ ਅਲੋਪ ਹੋ ਜਾਂਦਾ ਹੈ, ਚੰਗੀ ਗੱਲ ਹੈ। ਅਸੀਂ ਅੰਦਰ ਦਾਖਲ ਹੋਈਏ । ਅਸੀਂ ਹਨੋਕ ਤੋਂ ਵੱਖ ਹੋਣ ਵਾਲੇ ਹਾਂ। ਉਹ ਉੱਪਰ ਉਠਾਏ ਜਾਣ ਵਾਲਾ ਹੈ। ਇਸ ਲਈ ਅਸੀਂ ਚੰਗਾ ਹੈ ਅੰਦਰ ਦਾਖਲ ਹੋ ਜਾਈਏ।" ਇਸ ਲਈ ਜਿਉਂ—ਜਿਉਂ ਦਿਨ ਬੀਤਦੇ ਗਏ ਉਹਨਾਂ ਵੱਡੀ ਗੌਰ ਨਾਲ ਨਗਰਾਨੀ ਕੀਤੀ।

173 ਉਸ ਤੋਂ ਬਾਅਦ ਖੁਦਾ ਨੇ ਕਹਿਆ, "ਮੈਂ ਉਹਨਾਂ ਦਾ ਬਹੁਤ ਤਾੜੀ ਵਜਾਉਣਾ ਸੁਣਿਆ ਸੀ, ਸੁਣਿਆ ਹੈ, ਮੈਂ ਉਨ੍ਹਾਂ ਦੀ ਬੇਇਜਤੀ ਕਰਨਾ ਕਾਫੀ ਵੇਖਿਆ ਹੈ। ਮੈਂ ਇਹ ਨੂੰ ਲਿਆਉਣ ਜਾ ਰਿਹਾ ਹਾਂ। ਹੁਣ ਜਾਨਵਰਾਂ ਨੂੰ ਲੈ। ਉੱਪਰ ਚੜ੍ਹ ਜਾ ਅਤੇ 'ਹਾਲੇਲੂਯਾਹ' ਨਾਲ ਧਿਆਨ ਖਿੱਚੀ ਜਾਂ ਪੰਜ ਵਾਰੀ ਕਹਿ ਪੰਛੀ ਉੱਡਦੇ ਚਲੇ ਆਉਣਗੇ। ਸਾਰੇ ਸ਼ੇਰ, ਅਤੇ ਹੋਰ ਸਭ ਦੋ—ਦੋ ਕਰਕੇ ਆ ਜਾਣਗੇ। ਚਾਰ ਜਾਂ ਪੰਜ ਵਾਰੀ ਕਹਿ, ਪ੍ਰਭੂ ਦੀ ਵਡਿਆਈ ਹੋਵੇ। ਅਤੇ ਉਹ ਆ ਜਾਣਗੇ।" ਸਮਝੇ?

174 ਹੁਣ ਇਸ ਲਈ ਨੂੰਹ ਤਿਆਰ ਹੋ ਗਿਆ ਅਤੇ ਸਾਰੇ ਜਾਨਵਰ ਦਾਖਲ ਹੋਏ, ਫਿਰ ਨੂੰਹ ਵੀ ਆਪ ਅੰਦਰ ਦਾਖਲ ਹੋ ਗਿਆ। ਇਸ ਲਈ ਜਦ ਉਹ ਅੰਦਰ ਚਲਾ ਗਿਆ, ਮੇਰਾ ਅੰਦਾਜਾ ਹੈ, ਜਦ ਉਹ ਦਰਵਾਜ਼ੇ ਅੰਦਰ ਖੜ੍ਹਾ ਸੀ ਉਸ ਨੇ ਜੋ ਆਖਰੀ ਗੱਲ ਆਖ ਰਿਹਾ ਸੀ, "ਇਹ **ਯਹੋਵਾਹ ਇਉਂ ਫਰਮਾਉਂਦਾ ਹੈ।** ਆਖਰੀ ਸੱਦਾ?"

175 ਭਾਈ ਅੱਜ ਅਸੀਂ ਉਸੇ ਜਗ੍ਹਾ ਤੇ ਖੜ੍ਹੇ ਹਾਂ, ਕਿਸ਼ਤੀ ਦੇ ਦਰਵਾਜੇ ਤੇ, ਦਰਵਾਜਾ ਮਸੀਹ ਹੈ, ਜੇਕਰ ਤੁਸੀਂ ਉਹ ਨੂੰ ਸ਼ਬਦਾਂ ਦੇ ਰੂਪ ਵਿਚ ਲੈ ਕੇ ਅਤੇ ਉਸ ਤੇ ਥੋੜਾ ਕੁ ਕੰਮ ਕਰਨਾ ਚਾਹੋਗੇ, ਪ੍ਰਕਾਸ਼ਨ ਵਿਚ ਲਉ। ਫਿਲੇਦਲਫੀਆ ਅਤੇ ਲਾਉਦੀਕੀਏ ਦੇ ਯੁੱਗ ਵਿਚਕਾਰ ਉਸ ਆਖਿਆ, "ਮੈਂ ਇੱਕ ਖੁੱਲਾ ਦਰਵਾਜਾ ਤੇਰੇ੍ਹ ਅੱਗੇ ਧਰਿਆ ਹੈ, ਅੱਤੇ ਤੂੰ ਉਸਦਾ ਇੰਨਕਾਰ ਕੀਤਾ ਹੈ।" ਵੇਖੋ ਉਹੀ ਵੇਲਾ ਹੈ ਜਿਸ ਅੰਦਰ ਅਸੀਂ ਰਹਿ ਰਹੇ ਹਾਂ, ਠੀਕ ਬਰਬਾਦੀ ਤੋਂ ਪਹਿਲਾਂ ਇਕ ਖੁੱਲਾ ਦਰਵਾਜਾ ਹੈ, ਪਰ ਉਹ ਸੁਣਨਗੇ ਨਹੀ। ਹੁਣ ਉਨ੍ਹਾਂ ਨੇ ਉਸ ਨੂੰ ਰੱਦ ਦਿੱਤਾ ਹੈ।

176 ਹੁਣ, ਉਸਨੇ ਦਰਵਾਜੇ ਅੰਦਰ ਖੜ੍ਹੇ ਹੋ ਕੇ ਦੁਹਾਈ ਦਿੱਤੀ, "ਸਮਾਂ ਆ ਚੁੱਕਾ ਹੈ ਜਿਸ ਵਿਚ ਖੁਦਾ ਸ ਉਹ ਵਚਨ ਜੋ ਮੈਂ ਬੋਲਿਆ ਹੈ ਪੂਰਾ ਹੋਵੇਗਾ।" ਸਹੀ ਗੱਲ ਹੈ। ਕਿਸ਼ਤੀ ਅੰਦਰ ਦਾਖਲ ਹੋ ਗਿਆ।

177 ਅਤੇ ਜਦ ਉਹ ਕਿਸ਼ਤੀ ਅੰਦਰ ਦਾਖਲ ਹੋ ਗਿਆ, ਤੁਸੀਂ ਜਾਣਦੇ ਹੋ ਕੀ ਹੋਇਆ? ਖੁਦਾ ਨੇ ਦਰਵਾਜਾ ਬੰਦ ਕਰ ਦਿੱਤਾ। ਔਹ ਅੱਛਾ! ਕਿਸੇ ਨੇ ਵੀ ਉਸਨੂੰ ਬੰਦ ਨਹੀ ਸੀ ਕਰਨਾ। ਖੁਦਾ ਨੇ ਇਹਨੂੰ ਬੰਦ ਕੀਤਾ। ਬਸ ਉਹ ਸਭ ਕੰਮ ਖਤਮ ਹੋ ਗਿਆ ਸੀ। ਬਚਾਓ ਵਾਲਾ ਆਖਰੀ ਮੌਕਾ ਖਤਮ ਹੋ ਚੁੱਕਾ ਸੀ।

178 ਇਸ ਲਈ ਮੇਰਾ ਅੰਦਾਜਾ ਬੱਚੇ ਬਾਹਾਂ ਵਿਚ ਬਾਹਾਂ ਪਾ ਕੇ ਕਿਸ਼ਤੀ ਦੇ ਪੰਜ ਕੁ ਸੌ ਗੱਜ ਉਥੇ ਨੇੜੇ ਹੋ ਕੇ ਅਤੇ ਪੁਰਾਣੇ ਲੋਕਾਂ ਦੇ ਸਮੂੰਹ ਦੁਆਲੇ ਜਾ ਕੇ ਬੋਲੇ, "ਖੈਰ, ਇਹ ਬੁੱਢਾ ਉਥੇ ਅੰਦਰ ਹੀ ਮੌਤ ਦਾ ਧੂੰਆਂ ਬਣ ਜਾਵੇਗਾ।" ਵੇਖੋ? ਇਸ ਲਈ ਉਹ ਉਸਦਾ ਮਜਾਕ ਠੱਠਾ ਉਡਾਉਂਦੇ ਗਏ, ਬੱਸ ਉਸੇ ਤਰ੍ਹਾਂ ਹੀ ਉਸ ਦਾ ਹਾਸਾ ਉਡਾਉਂਦੇ ਗਏ। ਅਤੇ ਤੁਹਾਨੂੰ ਪਤਾ, ਹਰੇਕ ਇਨਸਾਨ…

179 ਹੁਣ ਸੁਣੋ। ਹੋ ਸਕਦਾ ਹੈ ਇਹ ਗੱਲ ਤੁਹਾਡੀ ਮਦਦ ਕਰੇ। ਧਿਆਨ ਪੂਰਵਕ ਸੁਣੋ। ਜਦ ਤੁਸੀਂ ਖੁਦਾ ਦੇ ਵਚਨ ਨੂੰ ਕਬੂਲ ਕਰ ਲੈਂਦੇ ਹੋ ਅਤੇ ਖੁਦਾ ਦੇ ਵਚਨ ਪਿਛੇ ਲੱਗਦੇ ਹੋ, ਅਤੇ ਬਹੁਤ ਵਾਰ ਜੋ ਕੁਝ ਤੁਸੀਂ ਕਰ ਸਕਦੇ ਹੋ। ਕਰ ਲੈਣ ਤੋਂ ਬਾਅਦ ਤੁਹਾਡੀ ਨਿਹਚਾ ਦੀ ਪਰਖ ਹੁੰਦੀ ਹੈ। ਉਸ ਵਕਤ ਕੋਈ ਨਹੀ ਪਰ ਘਰ ਦੇ ਲੋਕ ਮੈਂ ਹੁਣ ਠੀਕ ਉਸੇ ਜਗ੍ਹਾ ਤੇ ਖੜ੍ਹਾ ਹਾਂ, ਮੈਨੂੰ ਪਤਾ ਨਹੀ ਲਗਦਾ ਹੈ ਕਿ ਕੀ ਕਰਨ। ਬੇਦਾਰੀ ਖਤਮ ਹੈ। ਤੁਸੀਂ ਸਮਝੇ? ਮੈਨੂੰ ਪਤਾ ਨਹੀ ਹੈ ਕਿ ਅਗਲਾ ਸੱਦਾ ਕਿਸ ਥਾਂ ਤੇ ਮਿਲੇਗਾ ਮੈਂ ਬੱਸ— ਸਿਰਫ ਹੜਬੜਾਇਆ ਖੜ੍ਹਾ ਹਾਂ ਹੈਰਾਨ ਹਾਂ ਅੱਗੇ ਕੀ ਬੀਤੇਗਾ।

180 ਨੂੰਹ ਅੰਦਰ ਦਾਖਲ ਹੋ ਗਿਆ। ਉਸ ਖੁਦਾ ਦੀ ਮਰਜੀ ਪੂਰੀ ਕੀਤੀ। ਖੁਦਾ ਨੇ ਉਸਦੇ ਬਾਹਰਵਾਰ ਦਰਵਾਜਾ ਬੰਦ ਕਰ ਦਿੱਤਾ। ਪਰ ਸੱਤ ਦਿਨ ਹੋਰ ਲੰਘ ਗਏ ਮੀਂਹ ਬਿਲਕੁਲ ਨਹੀ ਪਿਆ। ਹੈਰਾਨੀ ਆਈ ਨੂੰਹ ਨੇ ਕੀ ਸੋਚਿਆ, ਸਾਰਾ ਸਮਾਂ ਉਥੇ ਹੀ ਬੀਤ ਗਿਆ? ਨੂੰਹ ਕਿਸ਼ਤੀ ਅੰਦਰ ਬੈਠਾ ਰਿਹਾ, ਦਰਵਾਜਾ ਬੰਦ ਸੀ। ਉਸਨੇ ਸੋਚਿਆ, "ਬੱਚਿਓ ਤੁਸੀਂ ਕਿਸੇ ਸਮੇਂ ਇਹ ਸੁਣੋਗੇ। ਅਸੀਂ ਦਰਵਾਜੇ ਨੂੰ ਖਿਚਾਂਗੇ ਅਤੇ ਇਥੇ ਉੱਪਰ ਢੱਕਣ ਹੋਵੇਗਾ।" ਉਹ ਉਪਰਲੀ ਮੰਜਲ ਵਿਚ ਸਨ, ਤੁਸੀਂ ਜਾਣਦੇ ਹੋ। ਜਾਨਵਰ ਹੇਠਲੀ ਮੰਜਲ ਵਿਚ ਸਨ। ਅਗਲੀ ਵਿਚ ਪੰਛੀ ਸਨ ਅਤੇ ਉਹ ਉਪਰਲੀ ਵਿਚ ਸਨ। ਉਹ ਸੂਰਜ…"ਔਹ, ਸਵੇਰ ਨੂੰ ਕੁਝ ਹੋਵੇਗਾ ਸਵੇਰ ਨੂੰ ਹਨੇਰਾ ਛਾਏਗਾ, ਵਰਖਾ ਹੋਵੇਗੀ।" ਪਰ ਅਗਲੀ ਸਵੇਰ ਨੂੰ ਸੂਰਜ ਚੜ ਆਉਂਦਾ ਹੈ।

181 ਹੋ ਸਕਦਾ ਕੁਝ ਲੋਕ ਜਿਨ੍ਹਾਂ ਨੂੰਹ ਦੀ ਅੱਧੀ ਕੁ ਗੱਲ ਤੇ ਵਿਸ਼ਵਾਸ ਕੀਤਾ, ਹੋ ਸਕਦਾ ਉਹ ਕਿਸ਼ਤੀ ਵੱਲ ਉੱਚੇ ਸਥਾਨ ਤੇ ਗਏ ਅਤੇ ਬੋਲੇ, "ਤੁਸੀਂ ਜਾਣਦੇ ਹੋ ਕੀ ਹੈ? ਹੋ ਸਕਦਾ ਹੈ ਇਹ ਬੁੱਢਾ ਬੰਦਾ ਸਹੀ ਹੋਵੇ। ਚੰਗੀ ਗੱਲ ਹੈ ਅਸੀਂ ਇਥੇ ਖੜ੍ਹੇ ਰਹੀਏ।" ਠੀਕ ਹੈ, ਤਦ ਉਹ ਹੋਏ "ਇਕ ਗਲੀ ਵੇਖ ਲਈ।"

ਖੁਦਾ ਦਾ ਨਬੀ ਗਲਤੀ ਨਹੀ ਕਰਦਾ। ਖੁਦਾ ਦਾ ਵਚਨ ਫੇਲ ਨਹੀ ਹੋ ਸਕਦਾ।

182 ਤੁਸਾਂ ਮੈਨੂੰ "ਯੁਨਾਹ ਨਿਨਵੇ ਨੂੰ ਜਾਂਦਾ ਹੈ", ਉੱਤੇ ਪ੍ਰਚਾਰ ਕਰਦੇ ਸੁਣਿਆ ਹੈ। ਉਹਨਾਂ ਆਖਿਆ ਉਹ ਮੁਨਹਫਰ ਸੀ। ਉਹ ਨਹੀ ਸੀ, ਉਹ ਠੀਕ ਖੁਦਾ ਦੀ ਮਰਜ਼ੀ ਅੰਦਰ ਸੀ। ਉਸ ਪਾਸ ਖੁਦਾ ਦਾ ਵਚਨ ਸੀ, ਅਤੇ ਉਹ ਉਸ ਅੰਦਰ ਚਲਾ ਗਿਆ।

183 ਇਥੇ ਨੂੰਹ ਬੋਲਿਆ, "ਹੁਣ ਤੁਸੀਂ ਸਭ ਬੱਚਿਓ ਚੁਗਿਰਦੇ ਆਓ ਅਤੇ ਤੁਸੀਂ ਪਹਿਲਾਂ ਬੱਦਲ ਨੂੰ ਜੋ ਕਦੇ ਆਕਾਸ਼ ਹੇਠ ਆਉਣ ਵਾਲਾ ਹੈ ਉਸ ਨੂੰ ਵੇਖੋਗੇ ਅਤੇ ਇਹ ਸਵੇਰ ਨੂੰ ਹੀ ਆਵੇਗ।" "ਖੈਰ, ਹੋ ਸਕਦਾ ਨੌਂਵ੍ਜੇ ਅਸੀਂ ਨੌ ਵਜੇ ਧਿਆਨ ਰੱਖਾਂਗੇ, ਦੱਸ ਵਜੇ? ਗਿਆਰਾਂ ਵਜੇ? ਬਾਰਾਂ ਵਜੇ? ਤਿੰਨ? ਚਾਰ? ਪੰਜ? ਛੇ? (ਮੂੰਹ ਨਾਲ ਸਿਟੀ) ਉਸਨੇ ਬੀਤੀ ਦਿਨ ਵੀ ਦਰਵਾਜਾ ਬੰਦ ਕੀਤਾ ਸੀ।"

184 ਉਹਨਾਂ ਵਿਚੋਂ ਕੁਝ ਨੇ ਆਖਿਆ, "ਠੀਕ ਹੈ, ਤੁਹਾਨੂੰ ਪਤਾ ਕੀ ਹੈ? ਮੈਂ ਭੈਣ ਸੁਸੀ ਨਾਲ ਸਹਿਮਤੀ ਲਈ ਤਿਆਰ ਹਾਂ, ਜੋ ਹੇਠਲੀ ਗਲੀ ਦੇ ਵੱਡੇ ਗਿਰਜੇ ਦੀ ਹੈ...ਉਹ ਬੁੱਢਾ ਮਨੁੱਖ ਪਾਗਲ ਹੈ। ਸਮਝੇ? ਉਹਨੇ ਉੱਪਰ ਜਾ ਕੇ ਦਰਵਾਜਾ ਬੰਦ ਕਰ ਲਿਆ, ਅਤੇ ਬੋਲਿਆ, 'ਵਰਖਾ ਹੋਣ ਵਾਲੀ ਸੀ', ਅਤੇ ਉਹ ਉਥੇ ਡਟਿਆ ਰਿਹਾ। ਅਤੇ ਫਿਰ ਉਥੇ ਕੁਝ ਨਹੀ ਹੋਇਆ। ਵੇਖੋ? ਸੂਰਜ ਸਿਧਾ ਚੜ੍ਹਿਆ, ਹਮੇਸ਼ਾ ਦੀ ਤਰ੍ਹਾਂ ਅੱਗੇ ਹੀ ਵਧੱਦਾ ਗਿਆ। ਵਰਖਾ ਵਰਗੀ ਕੋਈ ਗੱਲ ਨਹੀ ਹੈ।" ਇਸ ਲਈ, ਉਹ ਨੀਮ ਗਰਮ, ਅਧਖੜ ਵਿਸ਼ਵਾਸੀ, ਅੱਧੇ ਮਨ ਨਾਲ ਖੁਦਾ ਨੂੰ ਠੀਕ ਪੂਰੀ ਤਰ੍ਹਾਂ ਅੰਤ ਤੱਕ ਕਬੂਲ ਨਾ ਕਰਨ ਵਾਲੇ, ਜਿਉ ਜਾਂ ਮਰੋ! ਤੁਸੀਂ ਵੇਖੋ ਮੇਰਾ ਕੀ ਮਤਲਬ ਹੈ? (ਸਭਾ ਆਖਦੀ ਹੈ, "ਆਮੀਨ"—ਸੰਪਾ)

185 ਆਪਣੇ ਸੁਰਖਿਅਤ ਸਥਾਨ ਤੇ ਖੜ੍ਹੇ ਰਹੋ। ਮਰੋ ਜਾਂ ਦੁਬਾ ਦਿਉ ਜਾਂ ਡੁੱਬੇ ਰਹੋ। ਬਸ ਠੀਕ ਉਸੇ ਅੰਦਰ ਟਿਕੇ ਰਹੋ।

186 ਜਦ ਅਬਰਾਹਮ ਨੇ ਜੋ ਵਫ਼ਾਦਾਰ ਨਿਹਚਾਵਾਨ ਬਾਪ ਸੀ, ਚਾਕੂ ਖੋਲਿਆ, ਅਤੇ ਬੱਚੇ ਦੇ ਵਾਲਾਂ ਨੂੰ ਉਸਦੇ ਸਿਰ ਉੱਪਰ ਇੱਕਠੇ ਕੀਤਾ, ਗਰਦਨ ਕੱਟਣ ਲਈ, ਉਸਨੇ ਆਖਿਆ, "ਉਸ ਵਿਚ ਅੰਦਾਜੇ ਵਾਲੀ ਮਹਿਸੂਸੀਅਤ ਅੰਦਰ, ਮੈਂ ਕਾਇਲ ਹਾਂ, ਖੁਦਾ ਉਸਨੂੰ ਜਿਉਂਦਾ ਕਰਨ ਦੇ ਯੋਗ ਹੈ," ਉਹ ਅੰਤ ਤੱਕ ਖੁਦਾ ਦੇ ਵਚਨ ਵਿਚ ਰਹਿਣ ਨੂੰ ਰਜਾਮੰਦ ਸੀ। ਤੁਸੀਂ ਇਹ ਸਮਜੋ? (ਸਭਾ ਆਖਦੀ ਹੈ, "ਆਮੀਨ"—ਸੰਪਾ)

187 ਕੋਈ ਮਾਮਲਾ ਨਹੀ ਜੋ ਕੁਝ ਹੈ, ਬੱਸ ਉਥੇ ਡੱਟੇ ਰਹੋ ਜੇ ਹਰੇਕ ਚੀਜ਼ ਇਸ ਤਰ੍ਹਾਂ ਲੱਗਦੀ ਹੈ ਕਿ ਤੁਸੀਂ ਇੱਕ ਇੰਚ ਅਗਾਂਹ ਨਹੀ ਜਾ ਸਕਦੇ, ਉਹ ਇੰਚ

ਅੱਗੇ ਵਧੋ। ਅਤੇ ਜੇ ਕਰ ਤੁਹਾਡੀ ਟੱਕਰ ਕੰਧ ਨਾਲ ਹੁੰਦੀ ਹੈ ਤਾਂ ਉਸ ਸਮੇਂ ਤੱਕ ਉਥੇ ਖੜ੍ਹੇ ਰਹੋ ਜਦ ਤੱਕ ਖ਼ੁਦਾ ਉਸ ਵਿਚੋਂ ਰਾਹ ਨਹੀ ਬਣਾ ਦਿੰਦਾ।

188 ਪਹਿਲਾ ਦਿਨ ਬੀਤ ਗਿਆ, ਦੂਜਾ ਦਿਨ ਬੀਤ ਗਿਆ, ਤੀਜਾ ਦਿਨ ਬੀਤ ਗਿਆ, ਚੌਥਾ, ਪੰਜਵਾਂ, ਤੁਹਾਨੂੰ ਪਤਾ ਹੋਵੇ, ਨੂੰਹ ਨੇ ਕਾਫੀ ਭਾਗ ਨੂੰ ਕਰਨਾ ਸੀ। ਮੇਰਾ ਅੰਦਾਜਾ ਉਸੇ ਦੀ ਸਭਾ ਦੇ ਕੁਝ ਲੋਕਾਂ ਆਖਿਆ, "ਦੀਦੀ, ਕੀ ਤੁਸੀਂ ਸੋਚਦੇ ਹੋ ਕਿ ਸਾਨੂੰ ਖਿੜਕੀ ਤੋਂ ਬਾਹਰ ਹੋਣ ਲਈ ਉੱਪਰ ਚੜਨਾ ਪਏ।ਇਹ ਸੋਚਣਾ ਸਾਰੀ ਗਲਤੀ ਸੀ?"

189 ਉਸ ਆਖਿਆ, "ਨਾ, ਨਾ ਨਹੀ। ਉਹ ਕੋਲ ਸੀ ਜਿਸ ਨੇ ਹ੍ਨੋਕ ਨੂੰ ਉਠਾ ਲਿਆ? ਉਹ ਕੋਣ ਸੀ ਜਿਸਨੇ ਉਸ ਦਰਵਾਜੇ ਨੂੰ ਬੰਦ ਕਰ ਦਿੱਤਾ? ਉਹ ਕੋਣ ਸੀ ਜਿਸਨੇ ਉਹ ਚੀਜ਼ਾਂ ਸਾਡੇ ਸਾਹਮਣੇ ਕੀਤੀਆਂ? ਜੇ ਕਰ ਉਹ ਸਾਨੂੰ ਇਥੋਂ ਤੱਕ ਲੈ ਆਇਆ, ਅਤੇ ਸਾਨੂੰ ਅੰਦਰ ਬੰਦ ਕਰ ਦਿੱਤਾ ਹੈ, ਆਓ ਉਸੇ ਨਾਲ ਟਿਕੇ ਰਹੀਏ।

190 ਉਹ ਹੈ ਇਸੇ ਤਰ੍ਹਾਂ ਕਲੀਸਿਯਾ। ਜੇ ਕਰ ਉਸਨੇ ਸਾਨੂੰ ਸੰਸਾਰ ਨੂੰ ਇੰਨਾਂ ਉਠਾ ਲਿਆ ਹੈ, ਅਤੇ ਇਥੋਂ ਤੱਕ ਕਿ ਸਾਨੂੰ ਲੈ ਆਇਆ ਹੈ ਅਤੇ ਉਸੇ ਨਾਲ ਸਾਨੂੰ ਬੰਦ ਕਰ ਦਿੱਤਾ ਹੈ, ਸਾਡੇ ਸਾਰੇ ਪਾਸਿਆਂ ਤੇ ਪਵਿੱਤਰ ਆਤਮਾ ਹੀ ਹੈ। ਸਾਡੇ ਅੰਦਰ ਅਤੇ ਸਾਡੇ ਰਾਹੀਂ, ਆਓ ਉਸ ਨਾਲ ਹੀ ਰਹੀਏ।

191 ਉਸ ਸਮੇਂ ਸੱਤਵੇਂ ਦਿਨ ਉਸ ਸਵੇਰ ਨੂੰ ਲੋਕ ਬਾਹਰ ਗਲੀਆਂ ਵਿਚ ਸਨ। ਉਹਨਾਂ ਨੇ ਕਦੇ ਵੀ ਅਜਿਹੀ ਚੀਜ ਨਹੀ ਵੇਖੀ ਸੀ। ਬੱਦਲ ਉੜ ਰਹੇ ਸਨ, ਗਰਜਣ ਦੀਆਂ ਵੱਡੀਆਂ ਅਵਾਜਾਂ ਪੈਦਾ ਹੋ ਰਹੀਆਂ ਸਨ। ਅਕਾਸ਼ਾਂ ਤੇ ਬਿਜਲੀ ਚਮਕ ਰਹੀ ਸੀ। ਸੱਤ ਵਜੇ ਵਰਖਾ ਦੀਆਂ ਵੱਡੀਆਂ ਬੂੰਦਾਂ ਟਪਕਣ ਲੱਗੀਆਂ ਇਹ ਧਰਤੀ ਤੇ ਪਹਿਲੀ ਵਾਰ ਹੋਣ ਲੱਗਾ ਸੀ। ਮੇਰਾ ਅੰਦਾਜਾ ਹੈ ਪੰਛੀ ਕੁਰ੍ਲਾਉਣ ਲੱਗੇ। ਸਾਰੀ ਕੁਦਰਤ ਹਿਲਾ ਦਿੱਤੀ ਗਈ। ਮਨੁੱਖਾਂ ਨੇ ਹੈਰਾਨ ਹੋ ਕੇ ਕਹਿਣਾ ਸ਼ੁਰੂ ਕਰ ਦਿੱਤਾ। ਆਪਣੇ ਸਾਇੰਸ ਦੇ ਔਜਾਰ ਬਾਹਰ ਲੈ ਆਓ। ਆਪਣੇ ਹੋਂਦ ਦਾ ਪਤਾ ਲਗਾਉਣ ਵਾਲੇ ਯੰਤਰ ਨਾਲ ਕੋਸ਼ਿਸ਼ ਕਰੋ, ਸਾਨੂੰ ਦੱਸੋ ਇਹ ਸਭ ਕੁਝ ਕੀ ਹੈ? ਪਰ ਇਸ ਨਾਲ ਕੰਮ ਨਹੀ ਬਨੇਗਾ। "ਅਸੀਂ ਆਪਣੇ ਜੀਵਨ ਭਰ ਕਦੇ ਇਸ ਤਰ੍ਹਾਂ ਦਾ ਕੰਮ ਨਹੀ ਵੇਖਿਆ ਹੈ।" ਖੈਰ, ਦੁਪਿਹਰ ਵੇਲੇ ਭਰਨੇ ਸ਼ੁਰੂ ਹੋ ਗਏ। ਅਗਲੀ ਸਵੇਰ ਨੂੰ ਦਰਿਆ ਦੀ ਡੂੰਗੀਆਈ ਫੁੱਟਣ ਲੱਗੀ।

192 ਪਹਿਲੇ ਤਿੰਨ ਜਾਂ ਚਾਰ ਦਿਨਾਂ ਅੰਦਰ ਸਾਰੀਆਂ ਗਲੀਆਂ ਪਾਣੀ ਨਾਲ ਭਰ ਗਈਆਂ, ਪਾਣੀ ਦਾ ਤੁਫਾਨ । ਲੋਕ ਉੱਪਰ ਨੂੰ ਕਿਸ਼ਤੀ ਵੱਲ ਆ ਰਹੇ ਸਨ, ਦਰਵਾਜੇ ਨੂੰ ਖੜਕਾਉਂਦੇ ਹੋਏ, "ਦਰਵਾਜਾ ਖੋਲੋ।"

193 ਨੂੰਹ ਠੀਕ ਲਹਿਰਾਂ ਦੇ ਉੱਪਰ ਨੂੰ ਉਠਦਾ ਜਾ ਰਿਹਾ ਸੀ। ਉਹ ਕੋਈ ਵੀਹ ਕੁ ਫੁੱਟ ਦੇ ਲਗਭਗ ਪਹੁੰਚ ਚੁੱਕੀ ਸੀ, ਮੇਰੀ ਨਿਹਚਾ ਹੈ, ਬਾਈਬਲ ਵਿੱਚ ਦੱਸਿਆ ਹੈ, ਕਿਸ਼ਤੀ ਧਰਤੀ ਤੋਂ ਉਠਾਈ ਗਈ ਸੀ। ਇਸ ਨਾਲ ਸਾਰੇ ਕੰਮ ਨੂੰ ਕਰਨਾ ਪੂਰਾ ਕਰਨਾ ਸ਼ੁਰੂ ਕੀਤਾ।

194 ਉਹ ਉੱਚੀ ਚੋਟੀ ਉੱਤੇ ਚੜ੍ਹ ਗਏ। ਉੱਚੀ ਟਹਿਣੀ ਜੋ ਲਮਕਦੀ ਸੀ ਉਹ ਦੇ ਉੱਪਰ। ਉਹਨਾਂ ਡਾਡਾਂ ਮਾਰੀਆਂ। ਅਤੇ ਹਰੇਕ ਜੋ ਸਾਹ ਲੈਂਦਾ ਸੀ, ਨਾਸ ਹੋ ਗਏ, ਉਹ ਜੋ ਕਿਸ਼ਤੀ ਅੰਦਰ ਨਹੀ ਸਨ, ਹਰੇਕ ਸਾਹ ਲੈਣ ਵਾਲਾ ਪ੍ਰਾਨੀ ਮਰ ਗਿਆ। ਉਹਨਾਂ ਰਹਿਮ ਲਈ ਦੁਹਾਈ ਦਿੱਤੀ, ਉਹ ਚਿਲਾਏ, ਪਰ ਉਹਨਾਂ ਨੇ ਖੁਦਾ ਨੂੰ, ਉਸ ਵੇਲੇ ਤੱਕ ਕਈ ਵਾਰ ਦੁਹਾਈ ਦਿੱਤੀ, ਉਹ ਚਿਲਾਏ, ਪਰ ਉਹਨਾਂ ਨੇ ਖੁਦਾ ਨੂੰ, ਉਸ ਵੇਲੇ ਤੱਕ ਕਈ ਵਾਰ ਠੁੱਡਾ ਮਾਰ ਛੱਡਿਆ ਸੀ ਜਿਸ ਵੇਲੇ ਕੁਝ ਵੀ ਕੀਤਾ ਨਾ ਜਾ ਸਕਦਾ ਸੀ ਪਰ ਉਸ ਦਾ ਇਨਸਾਫ਼ ਲਿਆਏ। ਅਤੇ ਉਸ ਦਾ ਇਨਸਾਫ਼ ਉਹ ਦਾ ਨਿਆਂ ਸੀ।

195 ਉਸੇ ਤਰ੍ਹਾਂ ਜਿਵੇਂ ਉਸ ਹਵਾ ਨੂੰ ਦੱਸਿਆ ਸੀ, "ਇਸ ਲਈ ਜਿਸ ਦਿਨ ਤੂੰ ਉਸ ਤੋਂ ਖਾਧਾ, ਉਸੇ ਦਿਨ ਤੁਸੀਂ ਤੁਸੀਂ ਮਰੋਗੇ।"

196 ਹੁਣ ਮੈਂ ਚਾਹੁੰਦਾ ਹਾਂ ਕਿ ਤੁਸੀਂ ਧਿਆਨ ਦਿਓ। ਅਸਾਂ ਵੇਖਿਆ ਹੈ। ਅਸਾਂ ਹੁਣੇ ਵੇਖਿਆ ਹੈ, ਦੋ ਵਾਰ ਕਿ ਵਚਨ ਸੰਘਰਸ਼ ਅੰਦਰ ਕਾਰਨਾ ਨਾਲ ਆਉਂਦਾ ਹੈ। ਅਤੇ ਇਹ ਹੁਣ ਫਿਰ ਆਇਆ ਹੈ, ਵਚਨ ਦੇ ਵਿਰੁੱਧ ਕਾਰਨਾਂ ਦਾ ਹੋਣਾ। ਹੁਣ ਤੁਸੀਂ ਚੁਣ ਸਕਦੇ ਹੋ।

197 ਯਹੋਸ਼ੁਆ ਨੇ ਵੀ ਉਹੀ ਗੱਲ ਆਖੀ, ਉਸ ਆਖਿਆ, "ਹੁਣ ਜੇ ਕਰ ਤੁਸੀਂ ਉਹਨਾਂ ਦੇਵਤਿਆਂ ਦੀ ਭਗਤੀ ਕਰਨਾ ਚਾਹੁੰਦੇ ਹੋ ਜਿਨਾਂ ਦੀ ਤੁਹਾਡੇ ਵੱਡਿਆਂ ਨੇ ਪਾਣੀ ਦੇ ਹੜ ਆਉਣ ਤੋਂ ਪਹਿਲਾਂ ਕੀਤੀ ਸੀ, ਵੇਖੋ, ਜਾਂ ਤੁਸੀਂ ਅਮੋਰੀਆ ਦੇ ਦੇਵਤਿਆਂ ਦੀ ਭਗਤੀ ਕਰਨਾ ਚਾਹੋਗੇ ਜਿਨ੍ਹਾਂ ਦੀ ਧਰਤੀ ਤੁਸਾਂ ਲੈ ਲਈ ਹੈ? ਪਾਣੀ ਦੇ ਹੜ ਤੋਂ ਪਹਿਲਾਂ ਪੁਤਰਾਂ ਨੇ ਜਿਨ੍ਹਾਂ ਖੁਦਾ ਦੀ ਨਿਹਚਾ ਕੀਤੀ ਤੁਫਾਨ ਵਿਚੋਂ ਦੀ ਬਚ ਨਿਕਲੇ। ਅਮੋਰੀਆ ਨੇ ਇਸ ਨੂੰ ਰੱਦ ਦਿੱਤਾ, ਖੁਦਾ ਤੁਹਾਨੂੰ ਉਹਨਾਂ ਦੀ ਧਰਤੀ ਦੇ ਚੁੱਕਿਆ ਹੈ। ਹੁਣ ਜੇਕਰ ਖੁਦਾ ਦੀ ਭਗਤੀ ਕਰਨੀ ਤੁਹਾਨੂੰ ਚੰਗੀ ਨਾ ਲੱਗੇ, ਅੱਜ ਚੁਣੋ ਤੁਸੀਂ ਕਿਸ ਦੀ ਭਗਤੀ ਕਰੋਗੇ। ਪਰ ਮੈਂ ਅਤੇ ਮੇਰਾ ਘਰਾਨਾ, ਅਸੀਂ ਪ੍ਰਭੂ ਜੁੜੇ ਰਹਾਂਗੇ।" ਆਮੀਨ। ਮੈਂ ਉਸ ਸੰਗਰਸ਼ ਨੂੰ ਪਸੰਦ ਕਰਦਾ ਹਾਂ।

198 ਧਿਆਨ ਦਿਉ। ਉਸ ਦਿਨ ਜਦੋਂ ਅਦਨ ਅੰਦਰਲਾ ਕਿਲ੍ਹਾ ਢਹਿ ਗਿਆ, ਆਦਮ "ਬਾਹਰ" ਚਲਾ ਗਿਆ। ਆਮੀਨ। ਉਹ ਬਾਹਰ ਚਲੇ ਗਏ। ਅਤੇ ਹੜ ਦੀ ਤਬਾਹੀ ਤੋਂ ਪਹਿਲੇ ਦਿਨਾਂ ਅੰਦਰ ਜੋ ਉਹਨਾਂ ਨੇ ਖੁਦਾ ਦੇ ਨੇਮ ਨੂੰ ਪੂਰਾ

ਕੀਤਾ, ਉਹ "ਅੰਦਰ" ਚਲੇ ਗਏ। ਉਹ ਅਦਨ ਵਿਚੋਂ ਬਾਹਰ ਚਲੇ ਗਏ। ਉਹ ਕਿਸ਼ਤੀ ਅੰਦਰ ਦਾਖਲ ਹੋ ਗਏ। ਅਤੇ ਇਸ ਤੀਸਰੇ ਸਮੇਂ ਤੇ, "ਉਹ ਉੱਪਰ" ਜਾਣਗੇ। ਬਾਹਰ ਜਾਓ, ਅੰਦਰ ਜਾਓ, ਉੱਪਰ ਜਾਓ। ਆਮੀਨ। ਅਸੀਂ ਵੇਖਦੇ ਹਾਂ, ਉਹਨਾਂ ਦੋ ਸਮਿਆਂ ਤੇ ਕੀ ਕੀਤਾ। ਮੈਂ ਪ੍ਰਭੂ ਨਾਲ ਖੜ੍ਹੇ ਹੋਣ ਜਾ ਰਿਹਾ ਹਾਂ। ਕੀ ਤੁਸੀਂ ਵੀ ਖੜ੍ਹਾ ਰਹਿਣ ਚਾਹੁੰਦੇ ਹੋ? (ਸਭਾ ਆਖਦੀ ਹੈ, "ਆਮੀਨ"—ਸੰਪਾ) ਮੈਂ ਪ੍ਰਭੂ ਦੇ ਵਚਨ ਤੇ ਖੜ੍ਹਾ ਰਹਿਣ ਚਾਹੁੰਦਾ ਹਾਂ।

199 ਯਿਸੂ ਨੇ ਆਖਿਆ, "ਜਿਸ ਤਰ੍ਹਾਂ ਨੂੰਹ ਦੇ ਦਿਨੀ ਹੋਇਆ ਸੀ, ਉਸੇ ਤਰ੍ਹਾਂ ਮਨੁੱਖ ਦੇ ਪੁੱਤ ਦੇ ਆਉਣ ਦੇ ਦਿਨਾਂ ਅੰਦਰ ਹੋਏਗਾ।" ਗਲਤ ਵਿਰੁੱਧ ਸਹੀ, ਚਾਨਣ ਹਨੇਰ ਦੇ ਵਿਰੁੱਧ, ਜੀਵਨ ਮੌਤ ਦੇ ਵਿਰੁੱਧ, ਵਚਨ ਸਾਇੰਸ ਦੇ ਵਿਰੁੱਧ, ਬਿਲਕੁਲ ਸਹੀ। ਸਾਇੰਸ ਦੀ ਖੋਜ ਵਚਨ ਨੂੰ ਗਲਤ ਸਾਬਤ ਕਰੇਗੀ, ਜਿਸ ਤਰ੍ਹਾਂ ਉਹ ਸੋਚਦੇ ਹਨ ਇਹ ਕਰਦੀ ਹੈ, ਪਰ ਇਹ ਵਚਨ ਨੂੰ ਬੇਕਾਰ ਸਾਬਤ ਨਹੀ ਕਰਦੀ।

200 ਲੋਕਾਂ ਨੂੰ ਖ਼ੁਦਾ ਦੇ ਵਚਨ ਤੋਂ ਬੇਪ੍ਰਤੀਤੀ ਕਰਨ ਦਾ ਸ਼ੈਤਾਨ ਪਾਸ ਢੰਗ ਫਿਰ ਸੀ ਅਤੇ ਹੈ। ਸ਼ੈਤਾਨ ਦੇ ਭਗਤੀ ਦੇ ਢੰਗ ਕੈਨ ਅਤੇ ਬਲਾਮ ਵਾਂਗ ਗਲਤ ਹਨ, ਉਹ ਬੜੇ ਧਾਰਮਿਕ ਹਨ।

201 ਕੈਨ ਧਾਰਮਿਕ ਸੀ, ਉਸ ਨੇ ਇੱਕ ਜਗਵੇਦੀ ਬਣਾਈ ਅਤੇ ਲੈ ਕੇ ਆਇਆ ਅਤੇ ਖੁਲੇਆਮ ਤੌਰ ਤੇ, ਕੈਨ ਹਾਬਲ ਨਾਲੋਂ ਵੱਧ ਕੀਤਾ, ਪਰ ਹਾਬਲ ਵਚਨ ਵਾਲੇ ਰਾਹ ਰਾਹੀਂ ਆਇਆ, ਉਹੀ ਸਭ ਕੁਝ ਸੀ। ਉਸਨੇ ਵੱਧ ਕੀਤਾ। ਉਸਨੇ ਵੱਡੀ ਜਥੇਬੰਦੀ ਬਣਾਈ। ਉਸਨੇ ਵੱਡੀ ਗੱਲ ਕੀਤੀ, ਇਹ ਮਹਾਨ ਮਸੀਹੀ ਵਿਰਸਾ ਪਰ ਤੁਸੀਂ ਵੇਖੋ। ਉਹ ਗਲਤ ਰਾਹ ਰਾਹੀਂ ਆਇਆ। ਅਤੇ ਗਲਤ ਹੈ ਸੀ…ਇਹ ਨੂੰ ਕਬੂਲਿਆ ਨਾ ਗਿਆ ਸੀ। ਹੁਣ, ਗਲਤ ਇਹ ਤਾਂ ਖ਼ੁਦਾ ਦੇ ਵਚਨ ਅਨੁਸਾਰ ਗਲਤ ਹੀ ਸੀ।

202 ਬਲਾਮ ਉਸੇ ਤਰ੍ਹਾਂ ਦਾ ਧਾਰਮਿਕ ਸੀ ਜਿਸ ਤਰ੍ਹਾਂ ਦਾ ਮੂਸਾ। ਉਹ ਉਸੇ ਤਰ੍ਹਾਂ ਦੀ ਕੁਰਬਾਨੀ ਲੈ ਆਇਆ, ਉਸੇ ਤਰ੍ਹਾਂ ਦੇ ਲੇਲੇ, ਉਸੇ ਤਰ੍ਹਾਂ ਦੀ ਕੁਰਬਾਨੀ ਲੈ ਆਇਆ, ਉਸੇ ਤਰ੍ਹਾਂ ਦੇ ਲੇਲੇ, ਉਸੇ ਤਰ੍ਹਾਂ ਦੇ ਪਾਕ ਪੰਛੀ, ਅਤੇ ਹਰੇਕ ਵਸਤਾ। ਅਤੇ ਉਸੇ ਖ਼ੁਦਾ ਅੱਗੇ ਬੇਨਤੀ ਕੀਤੀ, ਅਤੇ ਉਸੇ ਖ਼ੁਦਾ ਨੂੰ ਕੁਰਬਾਨੀ ਚੜ੍ਹਾਈ ਜਿਸ ਨੂੰ ਮੂਸਾ ਨੇ, ਚਾਹੇ ਉਹ ਗਲਤ ਢੰਗ ਨਾਲ ਆਇਆ। ਵੇਖੋ? ਇਹ ਵਚਨ ਦੇ ਉਲਟ ਸੀ, ਜਿਸ ਤਰ੍ਹਾਂ ਕਿ ਅਦਨ ਅੰਦਰ ਸੀ।

203 ਵਚਨ ਆਧੁਨਿਕ ਸਿਧਾਂਤਵਾਦ ਨਾਲ ਨਹੀ ਮਿਲਦਾ। ਸਮਝੇ? ਤੁਸੀਂ ਅੱਜ ਦਾ ਸਿਧਾਂਤ ਨਹੀ ਰੱਖ ਸਕਦੇ। ਹੁਣ, ਬੰਦ ਕਰਨ ਤੇ ਧਿਆਨ ਪੂਰਵਕ ਸੁਣੋ, ਵਚਨ ਕਿਸੇ ਵੀ ਆਧੁਨਿਕ ਸਿਧਾਂਤਵਾਦ ਨਾਲ ਮੇਲ ਨਹੀ ਖਾਂਦਾ। ਇਹ ਵਚਨ

ਅਤੇ ਇੱਕ ਸਿਧਾਂਤ ਦੋਨੋ ਨਹੀ ਹੋ ਸਕਦੇ ਹਨ। ਜਾਂ ਤੇ ਤੁਸੀਂ ਵਚਨ ਜਾਂ ਸਿਧਾਂਤ ਨੂੰ ਰੱਖੋਗੇ। ਹੁਣ ਤੁਸੀਂ ਕਿਸ ਦੀ ਨਿਹਚਾ ਕਰਨ ਜਾ ਰਹੇ ਹੋ?

204 ਜੇ ਕਰ ਬਾਈਬਲ ਬਪਤਿਸਮਾ "ਯਿਸੂ ਮਸੀਹ ਦੇ ਨਾਮ" ਵਿਚ ਸਿਖਾਉਂਦੀ ਹੈ ਅਤੇ ਕਲੀਸਿਯਾ ਆਖਦੀ ਹੈ "ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ," ਫਿਰ ਤੁਸੀਂ ਕਿਸ ਦਾ ਯਕੀਨ ਕਰਨ ਜਾ ਰਹੇ ਹੋ? ਜੇ ਕਰ ਯਿਸੂ ਨੇ ਆਖਿਆ ਹੈ, "ਤੁਸੀਂ ਨਵੇਂ ਸਿਰੇ ਤੋਂ ਜਰੂਰ ਜਨਮ ਲਵੋ", ਅਤੇ ਕਲੀਸਿਯਾ ਆਖਦੀ ਹੈ, "ਆਓ ਜੁੜੋ", ਹੁਣ, ਤੁਸੀਂ ਕਾਹ ਦੀ ਨਿਹਚਾ ਕਰਨ ਜੇ ਰਹੇ ਹੋ? ਅਤੇ ਯਿਸੂ ਨੇ ਆਖਿਆ ਹੈ, "ਨਿਹਚਾਵਾਨਾਂ ਨਾਲ ਇਹ ਚਿੰਨ ਹੋਣਗੇ," ਅਤੇ ਕਲੀਸਿਯਾ ਆਖਦੀ ਹੈ, "ਬਸ ਤੁਸੀਂ ਤਾਂ ਇੱਕ ਵਧੀਆ ਮੈਂਬਰ ਹੀ ਹੋ।" ਕਿਸ ਦਾ ਤੁਸੀਂ ਵਿਸ਼ਵਾਸ ਕਰਨ ਜਾ ਰਹੇ ਹੋ? ਜੇ ਕਰ ਯਿਸੂ ਨੇ ਆਖਿਆ ਹੈ, "ਜਿਹੜੇ ਕੰਮ ਮੈਂ ਕਰਦਾ ਹਾਂ ਤੁਸੀਂ ਵੀ ਕਰੋਗੇ". ਅਤੇ ਕਲੀਸਿਯਾ ਆਖਦੀ ਹੈ, "ਅਜੀਬ ਕੰਮਾਂ ਦੇ ਦਿਨ ਬੀਤ ਗਏ ਹਨ", ਤੁਸੀਂ ਕਿਸ ਦੀ ਨਿਹਚਾ ਕਰੋਗੇ?

205 ਤੁਸੀਂ ਵੇਖੋ, ਮੇਰਾ ਕੀ ਮਤਲਬ ਹੈ? ਮੈਂ ਠੀਕ ਉਹਨਾਂ ਗੱਲਾਂ ਤੇ ਇਕ ਘੰਟਾ ਉਹਨਾਂ ਗੱਲਾਂ ਨੂੰ ਵੱਖਰੇ ਢੰਗ ਅੰਦਰ ਪੇਸ਼ ਕਰਨ ਲਈ ਲਾ ਸਕਦਾ ਹਾਂ, ਕਿ ਸਿਧਾਂਤ ਖੁਦਾ ਦੇ ਵਚਨ ਨੂੰ ਨਕਾਰਾ ਕਰਨ ਲਈ ਕਿਸ ਤਰ੍ਹਾਂ ਦਾ ਢੰਗ ਖੜਾ ਕਰਦਾ ਹੈ।

ਹੁਣ ਮਸੀਹੀ, ਵਚਨ ਨਾਲ ਖੜੇ ਰਹਿੰਦੇ ਹਨ, ਹਾਂ ਸ਼੍ਰੀ ਮਾਨ ਜੀ।

206 ਜੀਵਨ ਦਾ ਗਲਤ ਰਸਤਾ, ਇਸ ਅੰਦਰ ਰਲਾ ਪਾਉਣ ਦੀ ਕੋਸ਼ਿਸ਼ ਕਰਦਾ ਹੈ। ਅੱਜ ਦੇ ਦਿਨ ਉਹ ਅਜਿਹੀਆਂ ਔਰਤਾਂ ਨੂੰ ਲੈਂਦੇ ਹਨ ਜਿਹਨਾਂ ਦੇ ਬਸਤਰ ਕਿਸੇ ਵੀ ਤਰ੍ਹਾਂ ਦੇ ਹੋਣ। ਅਜਿਹੇ ਆਦਮੀਆਂ ਨੂੰ ਲੈਂਦੇ ਹਨ ਚਾਹੇ ਉਹ ਸਿਗਰਟ ਪੀਂਦੇ ਨਸ਼ਾ ਕਰਦੇ ਜਾਂ ਹੋਰ ਕੁਝ ਵੀ ਕਰਦੇ ਹੋਣ, ਉਹਨਾਂ ਨੂੰ ਕਲੀਸਿਯਾ ਦੇ ਡਿਕਨ, ਆਦਿ ਥਾਪਦੇ ਹਨ, ਇਥੋਂ ਤੱਕ ਪਾਸਟਰ ਬਣਾ ਦਿੰਦੇ ਹਨ। ਅਜਿਹੇ ਬਸਤਰ ਪਹਿਨੀਆਂ ਔਰਤਾਂ, ਉਹ ਜਿਸ ਤਰ੍ਹਾਂ ਦੇ ਕਪੜੇ ਪਹਿਨਣਾ ਚਾਹੁਣ ਪਹਿਨਣ, ਉਹਨਾਂ ਨੂੰ ਕਲੀਸਿਯਾ ਅੰਦਰ ਲਿਆ ਕੇ ਸਿਸਟਰਾਂ ਬਣਾਉਂਦੇ। ਤੁਸੀਂ ਆਕਾਸ਼ ਅੰਦਰ ਦਾਖਲ ਹੋਣ ਲਈ ਇਸ ਤਰ੍ਹਾ ਦੀ ਕੋਸ਼ਿਸ਼ ਨਾ ਕਰੋ। ਇਹ ਤਾਂ ਅੱਜ ਦੇ ਸਿਧਾਂਤਾਂ ਨਾਲ ਨਹੀ ਰਲੇਗਾ।

207 ਇਸ ਲਈ ਅੱਜ ਸਾਡੇ ਕੋਲ ਦੋ ਤਰ੍ਹਾਂ ਦਾ ਦਾਅਵਾ ਕਰਨ ਵਾਲੀਆਂ ਜਮਾਤਾਂ ਹਨ। ਹੁਣੇ ਬੰਦ ਕਰਨ ਲੱਗਿਆਂ, ਧਿਆਨ ਨਾਲ ਸੁਣੋ।ਸਾਡੇ ਕੋਲ ਮਸੀਹ ਦੀ ਲੜੀ ਹੋਣ ਦਾ ਦਾਅਵਾ ਕਰਨ ਵਾਲੀਆਂ ਦੋ ਜਮਾਤਾਂ ਹਨ। ਉਹ ਗੱਲ ਸਹੀ ਹੈ। ਅਤੇ ਬਾਈਬਲ ਨੇ ਦੱਸਿਆ ਹੈ ਦੋ ਜਮਾਤਾਂ ਹੋਣਗੀਆਂ ਇਹ ਸਹੀ ਗੱਲ

ਹੈ। ਬੁੱਧਵਾਨ ਕੁਵਾਰੀਆਂ ਅਤੇ ਇਕ ਮੂਰਖ ਕਵਾਰੀਆਂ। ਕੀ ਇਹ ਸਹੀ ਹੈ? (ਸਭਾ ਆਖਦੀ ਹੈ, "ਆਮੀਨ"—ਸੰਪਾ) ਦੋ ਕਲਾਸਾਂ ਹਨ।

208 ਕਲੀਸਿਯਾ ਆਖਦੀ ਹੈ, "ਅਸੀਂ ਕਲੀਸਿਯਾ ਹਾਂ।" ਅਤੇ ਬਾਹਰ ਜਾ ਕੇ ਮਹਾਨ ਸ਼ੁਭ ਸਮਾਚਾਰ ਦੇ ਇਹ ਸੰਮੇਲਨ ਕਰਦੇ, ਲੋਕਾਂ ਨੂੰ ਕਲੀਸਿਯਾ ਅੰਦਰ ਲਿਆਉਂਦੇ। ਔਰਤਾਂ ਲਗਾਤਾਰ ਆਪਣੇ ਹੀ ਕਿਸਮ ਦੇ ਰਾਹ ਤੇ ਚਲਦੀਆਂ ਜਾਂਦੀਆਂ। ਮਨੁੱਖ ਆਪਣੇ ਕਿਸਮ ਦੇ ਰਾਹ ਤੇ ਚਲਦੇ ਜਾਂਦੇ।

209 ਉਹ ਕਦੀ ਵੀ ਆਪਣੇ ਸਿਖਿਆ ਨੂੰ ਨਹੀ ਬਦਲਦੇ। ਉਹਨਾਂ ਨੇ ਲਿਖਤੀ ਘੜਤਾਂ ਦੇ ਦਸਤਾਵੇਜ ਬਣਾ ਲਏ ਹਨ, ਅਤੇ ਇਹ ਰਸੂਲਾਂ ਦੇ ਅਕੀਦੇ, ਅਤੇ ਖਾਸ ਕਿਸਮ ਦੀਆਂ ਪ੍ਰਾਰਥਨਾਵਾਂ ਅਤੇ ਸਾਰੇ ਸਵਾਲ ਜਵਾਬ ਅਤੇ ਹਰ ਇੱਕ ਚੀਜ ਜੋ ਮੈਥੋਡਿਸਟ ਵਾਲੇ, ਅਤੇ ਪ੍ਰੈਸਬਿਟੇਰੀਅਨ ਅਤੇ ਬੇਪਤਿਸਟ ਅਤੇ ਕੈਥੋਲਿਕ ਅਤੇ ਸਭ ਪੜ੍ਹਦੇ ਹਨ। ਅਤੇ ਉਹਨਾਂ ਪਿਛੇ ਲੱਗਣ ਵਾਲਾ ਧਰਮ ਆਪਣਾ ਲਿਆ ਹੈ, ਕਿਉਂਕਿ ਪਿੱਛੇ ਕਿਸੇ ਮਹਾਪੁਰਖ ਨੇ ਆਖਿਆ ਸੀ ਕਿ ਸਹੀ ਸੀ। ਹੋ ਸਕਦਾ ਹੈ ਉਹ ਮਹਾ ਪੁਰਖ ਸਹੀ ਹੋਵੇ, ਪਰ ਉਸ ਕੋਲ ਉਹ ਨੂੰ ਸਹੀ ਕਹਿਣ ਦਾ ਕੋਈ ਅਧਿਕਾਰ ਨਹੀ ਸੀ।

210 ਕਾਰਨ, ਇਹ ਖੁਦਾ ਦਾ ਲਿਖਤੀ ਵਚਨ ਹੈ ਅਤੇ ਬਾਈਬਲ ਹੀ ਖੁਦਾ ਦਾ ਅਧਿਕਾਰ ਹੈ। "ਅਤੇ ਕੋਈ ਮਨੁੱਖ ਇਸ ਅੰਦਰ ਇਕ ਨੁਕਤਾ ਵੀ ਵਧਾਉਂਦਾ ਜਾਂ ਇਕ ਨੁਕਤਾ ਵੀ ਘਟਾਉਂਦਾ ਹੈ, ਉਸ ਦਾ ਹਿੱਸਾ ਜੀਵਨ ਦੀ ਪੋਥੀ ਵਿਚੋਂ ਬਾਹਰ ਕੱਢ ਦਿੱਤਾ ਜਾਏਗਾ।" ਇਹ ਹੋ ਹੀ ਨਹੀ ਸਕਦਾ ਇਸ ਲਈ ਹੁਣ।

211 ਪਰ ਸਾਡੇ ਕੋਲ ਇਸ ਦਾ ਦੋ ਦਵਾ ਕਰਨ ਵਾਲੇ ਹਨ, ਇਕ ਆਖਦਾ ਹੈ, "ਖੈਰ ਕਲੀਸਿਯਾ ਤਾਂ ਅਸੀਂ ਹਾਂ।" ਦੂਸਰਾ ਆਖਦਾ ਹੈ, "ਕਲੀਸਿਯਾ ਤਾਂ ਅਸੀਂ ਹਾਂ।" ਸਭ ਠੀਕ ਹੈ।

212 ਬੁੱਧੀਮਾਨ ਅਤੇ ਮੂਰਖ ਦੋਨਾਂ ਨੂੰ ਸੱਦਾ ਦਿੱਤਾ ਗਿਆ ਹੈ। ਪਰ ਕਿਕ ਤੁਸੀਂ ਧਿਆਨ ਦਿੱਤਾ? ਉਹਨਾਂ ਦੋਨਾਂ ਕੋਲ ਕੁਪੀਆਂ ਸਨ। ਸਹੀ ਗੱਲ ਹੈ? ਉਹ ਦੋਨੋ ਕੁਵਾਰੀਆਂ ਸਨ, ਵਿਸ਼ਵਾਸੀ ਸਨ। ਉਹਨਾਂ ਦੋਨਾਂ ਕੋਲ ਕੁੱਪੀਆਂ ਸਨ।

213 ਪਰ, ਸ਼ੈਤਾਨ ਸਾਡੇ ਥਾਂ ਤੇ ਵਾਧੂ ਮੇਚ ਆਉਂਦਾ ਹੈ। ਅਸੀਂ ਉਹ ਗੱਲ ਜਾਣਦੇ ਹਾਂ। ਅਸੀਂ ਜਾਣਦੇ ਹਾਂ। ਅਸੀਂ ਜਾਣਦੇ ਹਾਂ ਕਿ ਸ਼ੈਤਾਨ ਕਿਸੇ ਇਕ ਮਨੁੱਖ ਦੇ ਬਦਲੇ ਵਿਚ ਵਾਧੂ ਢੰਗ ਨਾਲ ਮੇਲ ਖਾ ਜਾਂਦਾ ਹੈ। ਤੁਸੀਂ ਕਦੀ ਵੀ ਆਪਣੀ ਬੁੱਧੀ ਨਾਲ ਕੰਮ ਕਰਨ ਦੀ ਕੋਸ਼ਿਸ਼ ਨਾ ਕਰਿਓ, ਉਸ ਨਾਲ ਵਾਧੂ ਚਲਾਕੀ ਵਰਤਣੀ ਬਸ ਤੁਸੀਂ ਕਰ ਹੀ ਨਹੀ ਸਕਦੇ ਹੋ।

214 ਯਿਸੂ ਇਹ ਜਾਣਦਾ ਸੀ ਇਸ ਲਈ ਉਸਨੇ ਉਹਨਾਂ ਨੂੰ ਕਲੀਸਿਯਾ ਕੋਲ ਭੇਜ ਦਿੱਤਾ ਤਾਂ ਜੋ ਸ਼ੈਤਾਨ ਉਹਨਾਂ ਨੂੰ ਵਾਧੂ ਚਲਾਕ ਨਾ ਬਣਾਵੇ। ਇਕ ਸੁਰਖਿਅਤ

ਸਥਾਨ ਦਿੱਤਾ ਗਿਆ ਸੀ। ਉਸਨੇ ਉਹਨਾਂ ਲਈ ਪਵਿੱਤਰ ਆਤਮਾ ਭੇਜਿਆ। ਅਤੇ ਕਲੀਸਿਯਾ ਵਾਧੂ ਚਲਾਕ ਹੋਣ ਦਾ ਦਾਵਾ ਨਹੀ ਕਰਦੀ। ਸਿਰਫ ਉਹ ਨਿਹਚਾ ਕਰਨ ਦਾ ਦਾਵਾ ਕਰਦੀ ਹੈ।

215 ਉਹਨਾਂ ਦੇ ਪ੍ਰਚਾਰਕ ਬਾਹਰ ਜਾਂਦੇ ਤੁਹਾਨੂੰ ਆਪਣੀ ਪੀ. ਐਚ. ਡਬਲ ਐਲ. ਕਿਉ ਯੂ. ਐਸ. ਟੀ. ਡੀ. ਨਹੀ ਵਿਖਾ ਸਕਦੇ ਅਤੇ ਇਹ ਹੋਰ ਸਭ ਚੀਜ਼ਾਂ। ਉਹ ਵੱਡੇ, ਵੱਡੇ ਉਦਘਾਟਨ ਵਾਲੇ ਸਮੇਂ ਨਹੀ ਵਿਖਾ ਸਕਦੇ ਜਦ ਕਿ ਉਹ ਸੇਵਾਦਾਰਾਂ ਵਾਲੇ ਸੰਘ ਅੰਦਰ ਥਾਪੇ ਗਏ ਹਨ। ਤੁਹਾਨੂੰ ਪਤਾ ਹੈ, ਮੈਂ ਇਕ ਛੋਟਾ ਗੀਤ ਗਾਇਆ ਕਰਦਾ ਹਾਂ।

> ਇਹ ਲੋਕ ਸੰਸਾਰ ਦੀ ਮਸ਼ਹੂਰੀ ਵਾਲੇ ਘੁਮੰਡ ਨੂੰ ਪ੍ਰਾਪਤ ਕਰਨਾ ਜਾਂ ਚਤਰ ਹੋਣਾ ਨਾ ਸਿਖਣ,
> ਉਹਨਾਂ ਨੇ ਯਿਸੂ ਦੇ ਨਾਮ ਵਾਲੇ ਬਪਤਿਸਮੇ ਰਾਹੀਂ ਪਵਿੱਤਰ ਆਤਮਾ ਦੇ ਸਾਰੇ ਤਜਰਬੇ ਨੂੰ ਪਾਇਆ ਹੈ,
> ਅਤੇ ਹੁਣ ਉਹ ਬਿਆਨ ਕਰਦੇ ਹਨ, ਉਹ ਦੀ ਸ਼ਕਤੀ ਅਜੇ ਵੀ, ਉਸੇ ਤਰ੍ਹਾਂ ਦੋਨੋਂ ਪਾਸੇ ਖੁਲ੍ਹੀ ਅਤੇ ਦੂਰ ਤੱਕ ਬਰਾਬਰ ਹੈ,
> ਮੈਂ ਬਹੁਤ ਖੁਸ਼ ਹਾਂ ਕਿ ਮੈਂ ਅਖ ਸਕਦਾ ਹਾਂ, ਮੈਂ ਉਹਨਾਂ ਵਿਚੋਂ ਇੱਕ ਹਾਂ।

216 ਹਾਂ ਸ਼੍ਰੀਮਾਨ ਜੀ, ਹਾਂ। ਉਹਨਾਂ ਕੋਲ ਇਹ ਵੱਡੀਆਂ ਚੀਜਾਂ ਹਨ। ਉਹ ਕਿਸੇ ਚੀਜ ਨੂੰ ਜਾਣਨ ਦਾ ਦਾਅਵਾ ਨਹੀ ਕਰਦੇ। ਉਹ ਬਸ ਕਿਸੇ ਚੀਜ ਤੇ ਨਿਹਚਾ ਕਰਨ ਦਾ ਦਾਅਵਾ ਕਰਦੇ ਹਨ।

217 ਯਿਸੂ ਨੇ ਪਵਿੱਤਰ ਆਤਮਾ ਨੂੰ ਭੇਜਿਆ, ਜੋ ਉਹ ਖੁਦ ਹੈ। ਉਸਨੇ ਆਖਿਆ, “ਥੋੜੀ ਦੇਰ ਬਾਅਦ ਸੰਸਾਰ ਮੈਨੂੰ ਨਹੀ ਵੇਖੇਗਾ, ਪਰ ਤੁਸੀਂ ਮੈਨੂੰ ਵੇਖੋਗੇ, ਕਿਉਂਕਿ ਜੋ ਮੈਂ ਤੁਹਾਡੇ ਸੰਗ ਹੋਵਾਂਗਾ, ਤੁਹਾਡੇ ਅੰਦਰ ਹੋਵਾਂਗਾ, ਸੰਸਾਰ ਦੇ ਅੰਤ ਤੱਕ ਤੁਹਾਡੇ ਅੰਦਰ ਹੀ ਹੋਵਾਂਗਾ।” ਸਮਝੇ?

218 ਹੁਣ, ਹੁਣ, ਹੁਣੇ ਧਿਆਨ ਦਿਓ ਯਿਸੂ ਇਹ ਜਾਣਦਾ ਸੀ, ਇਸ ਲਈ ਉਹਨੇ ਵਚਨ ਦਾ ਸਬੂਤ ਦੇਣ ਲਈ ਪਵਿੱਤਰ ਆਤਮਾ ਨੂੰ ਘੱਲਿਆ। (ਮੂੰਹ ਨਾਲ ਸੀਟੀ) ਕੀ ਤੁਹਾਨੂੰ ਇਹ ਦਾ ਪਤਾ ਲੱਗਾ? (ਸਭਾ ਆਖਦੀ ਹੈ, “ਆਮੀਨ”—ਸੰਪਾ) ਸਮਝ ਗਏ? “ਸਬੂਤ ਦੇਣ ਲਈ”, ਉਹ ਜਿਹਨਾਂ ਨੇ ਵਚਨ ਅੰਦਰ ਰਹਿ ਕੇ ਉਹਨਾਂ ਦੀ ਪਨਾਹ ਲੈ ਲਈ ਹੈ, “ਕਿ ਉਹ ਆਪ ਹੀ ਵਚਨ ਹੈ।” ਸਮਝੇ?

219 ਉਹਨਾਂ ਨੂੰ ਉਥੇ ਬਾਹਰ ਰਹਿਣ ਦਿਓ। ਉਹ ਬਣਾਏ ਤਰੀਕੇ ਤੇ ਹੱਸਣਗੇ। ਉਹ ਆਖਦੇ ਨੇ ਕਿ ਉਹ ਪਾਗਲ ਹਨ।

220 ਪਰ ਯਿਸੂ ਨੇ ਪਵਿੱਤਰ ਆਤਮਾ ਨੂੰ ਘਲਿਆ, ਜੋ ਕਿ ਉਹ ਖੁਦ ਹੀ ਹੈ, ਕਿ ਜੋ ਅਬ੍ਰਾਹਾਮ ਦੇ ਝੁੰਡ ਵਾਂਗ ਵਚਨ ਦੇ ਪਿਛੇ ਹੀ ਹਨ, ਉਹਨਾਂ ਅੰਦਰ ਵਾਸ ਕਰੇ। ਅਤੇ ਉਹਨਾਂ ਸਾਹਮਣੇ ਸਬੂਤ ਦੇਵੇ ਕਿ ਉਹ ਅੱਜ ਵੀ ਵਚਨ ਹੈ। ਵੇਖੋ ਕਿ ਤੁਸਾਂ ਉਸ ਸਹੀ ਨਿਸ਼ਾਨ ਨੂੰ ਪ੍ਰਾਪਤ ਕਰ ਲਿਆ ਹੈ। ਬਿਲਕੁਲ ਠੀਕ।

221 ਅੱਗ ਵਚਨ ਅੰਦਰੋਂ ਆਉਣ ਵਾਲੇ ਚਾਨਣ ਦਾ ਸਬੂਤ ਹੈ। ਉਹ ਭਰ ਦੇਣਗੇ...ਉਹ ਚਾਤਰ ਬੁਧੀਮਾਨ ਕਵਾਰੀਆਂ ਕੋਲ ਉਹਨਾਂ ਦੀ ਬੱਤੀ ਅੰਦਰ ਤੇਲ ਹੈ ਸੀ, ਅਤੇ ਉਸਨੇ ਆਪਣੀ ਬੱਤੀ ਜਲਾਈ ਅਤੇ ਉਸਨੂੰ ਜਗਾਇਆ। ਹੁਣ, ਕੀ ਹੁੰਦਾ ਹੈ? ਹੁਣ...ਖੁਦਾ ਵਚਨ ਹੈ। ਤੇਲ ਪਵਿੱਤਰ ਆਤਮਾ ਹੈ। ਅਤੇ ਅੱਗ ਅੰਜੀਲ ਦੇ ਸੁਸ੍ਮਾਚਾਰ ਤੇ ਤੇਲ ਹੈ। ਇਸ ਤਰ੍ਹਾਂ ਖੁਦਾ ਨੇ ਆਖਿਆ ਹੈ, ਸਮਝੇ ਉਹ ਬਰਤਨ ਹੈ। ਸਾਰੀ ਗੱਲ ਸਹੀ ਹੈ। ਕੁਪ੍ਪੀ ਵਿਚ ਤੇਲ ਹੈ। ਅਤੇ ਅੱਗ ਇਸਨੂੰ ਜਗਾਉਂਦੀ ਹੈ, ਇਹ ਵਿਖਾਉਂਦਾ ਹੈ ਕੀ ਇਹ ਕਹੇ ਗਏ ਵਚਨ ਦੇ ਚਾਨਣ ਨੂੰ ਚਮਕਾਉਂਦੀ ਹੈ। ਸਮਝੇ? ਇਹੀ ਰੋਸ਼ਨੀ ਦਾ ਚਮਕਣਾ ਹੈ। ਹੁਣ, ਉਹ ਬੁਧਵਾਨ ਕਵਾਰੀ ਕਰ ਸਕਦੀ ਹੈ।

222 ਪਰ ਉਹ ਦੂਸਰੀ ਕਵਾਰੀ, ਬਾਹਰਵਾਰ ਸੀ, ਤੇਲ ਕੋਲ ਨਹੀ ਸੀ, ਅਤੇ ਉਹ ਕੋਈ ਵੀ ਅਸਰ ਨਾ ਛੱਡ ਸਕੀ, ਪਰ ਬਸ ਉਹਨਾਂ ਦੀ ਕਲੀਸਿਯਾ ਅਤੇ ਜਥੇਬੰਦੀ ਹੀ ਸਨ। ਸਮਝੇ?

223 ਹੁਣ, ਤੁਸੀਂ ਆਖਦੇ ਹੋ, “ਵਚਨ”, ਤੁਸੀਂ ਆਖਿਆ, “ਵਚਨ ਆਤਮਾ ਹੀ ਸੀ।” ਹਾਂ ਸ਼੍ਰੀਮਾਨ ਜੀ।

224 ਖੁਦਾ ਨੇ ਆਖਿਆ ਹੈ, “ਮੇਰਾ ਵਚਨ ਹੀ ਆਤਮਾ ਹੈ।” ਉਹ ਸਹੀ ਗੱਲ ਹੈ। ਸੱਚੀ ਲਾੜੀ ਵਚਨ ਰਾਹੀਂ ਜਰੂਰ ਇੱਕ ਹੋਵੇਗੀ। ਹੁਣ ਯਾਦ ਰੱਖੋ, ਜੇ ਕਰ ਉ ਮਸੀਹ ਦਾ ਭਾਗ ਹੈ, ਉਸਨੇ ਮਸੀਹ ਦਾ ਵਚਨ ਹੋਣਾ ਹੀ ਹੈ। ਦਸਤੁਰ ਨਾਲ ਮਸੀਹ ਦਾ ਵਚਨ ਹੋਣਾ, ਤੁਸਾਂ ਅੰਦਰ ਬਪਤਿਸਮਾ ਪਾਉਣਾ ਹੀ ਹੈ। ਅਤੇ ਜਦ ਤੁਸੀਂ ਮਸੀਹ ਅੰਦਰ ਹੋ, ਤੁਸੀਂ ਮਸੀਹ ਦੀ ਨਿਹਚਾ ਕਰਦੇ ਹੋ, ਅਤੇ ਮਸੀਹ ਵਚਨ ਹੈ।

ਆਮੀਨ
ਆਮੀਨ, ਆਮੀਨ।

ਕੀ ਤੁਸੀਂ ਨਿਹਚਾ ਕਰਦੇ ਹੋ?

225 (ਭਾਈ ਬ੍ਰਾਨਹਮ ਅਤੇ ਸਭਾ ਉੱਤਰ ਵਿਚ “ਆਮੀਨ” ਗਾਉਂਦੇ ਹਨ—ਸੰਪਾ)

ਕੀ ਤੁਸੀਂ ਉਸਨੂੰ ਪਿਆਰ ਕਰਦੇ ਹੋ? "ਆਮੀਨ"
ਕੀ ਤੁਸੀਂ ਉਸ ਦੀ ਸੇਵਾ ਕਰੋਗੇ? "ਆਮੀਨ, ਆਮੀਨ, ਆਮੀਨ"

ਉਹ ਜਗਤ ਦਾ ਚਾਨਣ ਹੈ। ਸਹੀ ਗੱਲ ਹੈ। "ਆਮੀਨ"
ਉਹ ਸਾਡੇ ਦਿਲ ਦੀ ਖੁਸ਼ੀ ਹੈ। "ਆਮੀਨ"
ਉਹ ਸਾਡੇ ਜੀਵਨ ਦਾ ਬਲ ਹੈ। "ਆਮੀਨ"

226 ਸੱਚੀ—ਸੱਚੀ ਲੜੀ ਜਰੁਰ ਏਕਤਾ ਵਿਚ ਹੋਵੇਗੀ, ਵਚਨ ਵਿਚ ਇੱਕਠੀ ਰਹੇਗੀ। "ਮੇਰੀ ਭੇਡ ਮੇਰੀ ਅਵਾਜ ਸੁਣਦੀ ਹੈ।" ਅਤੇ *ਇਹ* ਛਿਪਿਆ ਵਚਨ ਹੀ ਉਸ ਦੀ ਅਵਾਜ ਹੈ। ਬਿਲਕੁਲ ਸਹੀ ਗੱਲ ਹੈ। ਵਚਨ ਵਿਚ ਇੱਕਠੇ ਹੋ ਕੇ, ਉਹ ਆਪ ਨੂੰ ਤਿਆਰ ਕਰਦੀ ਹੈ, ਨਾ ਕਿ ਪ੍ਰਚਲਿਤ ਅਕੀਦੇ ਨਾਲ।

227 ਅਸਤਰ ਵਾਂਗ, ਜਦ ਅਸਤਰ ਨੇ ਪਾਤਸ਼ਾਹ ਸਾਹਮਣੇ ਹਾਜਰ ਹੋਣ ਲਈ ਚੁਣੇ ਜਾਣਾ ਸੀ। ਉਸਨੇ ਇਹਨਾਂ ਸਾਰੀਆਂ ਚੀਜ਼ਾਂ ਨਾਲ ਆਪ ਨੂੰ ਨਹੀ ਸ਼ਿੰਗਾਰਿਆ, ਪਰ ਉਸਨੇ ਆਪ ਨੂੰ ਆਤਮਾ ਦੇ ਸਾਰੇ ਫਲਾਂ ਨਾਲ ਜੋ ਪਵਿੱਤਰ ਆਤਮਾ ਇਹਨਾਂ ਨੂੰ ਦਿੰਦਾ ਹੈ, ਸ਼ਿੰਗਾਰਦੀ ਹੈ। ਉਹ ਕੁਝ ਹੈ ਜਿਸ ਹਲੀਮ ਪਿਆਰੇ ਆਤਮਾ ਨਾਲ ਲੜੀ ਆਪ ਨੂੰ ਜਿਸ ਤੇ ਆਤਮਾ ਦੇ ਸਾਰੇ ਫਲ ਆਉਂਦੇ ਹਨ, ਸ਼ਿੰਗਾਰਦੀ ਹੈ।

228 ਉਸਨੇ ਕੀ ਕੀਤਾ ਹੈ? ਵਚਨ ਦੀ ਸੰਗਤ ਅੰਦਰ ਇੱਕਠੇ ਹੋਣਾ। "ਆਮੀਨ" ਵਚਨ ਦੀ ਸੰਗਤ। ਉਹੀ ਸਹੀ ਹੈ। ਸੰਗਤ ਕਰਨਾ, ਅੱਜ ਰਾਤ ਮਸੀਹ ਯਿਸੂ ਵਿਚ ਸਵਰਗੀ ਸਥਾਨਾਂ ਵਿਚ ਬੈਠਣਾ ਇੱਕ ਥਾਂ ਤੇ ਇੱਕ ਆਤਮਾ ਨਾਲ, ਇੱਕ ਦਿਲ, ਇੱਕ ਖੁਦਾ ਨਾਲ ਇੱਕ ਉਦੇਸ਼ ਲਈ। "ਆਮੀਨ" ਸਮਝੇ? ਤੁਸੀਂ ਇਸਨੂੰ ਪ੍ਰਾਪਤ ਕਰੋ। ਹਰੇਕ ਸਮੇਂ ਬਾਈਬਲ ਕੋਈ ਗੱਲ ਫਰਮਾਵੇ, ਅਸੀਂ ਆਖੀਏ, "ਆਮੀਨ" ਹਰੇਕ ਵਚਨ ਨਾਲ "ਆਮੀਨ" ਠੀਕ ਢੰਗ ਨਾਲ ਮੇਲ ਖਾਏ।

"ਯਿਸੂ ਮਸੀਹ ਅੱਜ ਕਲ ਅਤੇ ਯੁਗੋ—ਯੁਗ ਇੱਕੋ ਜਿਹਾ ਹੈ।"

"ਆਮੀਨ"

"ਤੌਬਾ ਕਰੋ ਅਤੇ ਯਿਸੂ ਮਸੀਹ ਦੇ ਨਾਂ ਵਿਚ ਬਪਤਿਸਮਾ ਲਓ।"

229 "ਆਮੀਨ" ਵੇਖੋ, ਬਸ ਹਰੇਕ ਗੱਲ ਨੂੰ ਸੰਗਤ ਅੰਦਰ ਠੀਕ "ਆਮੀਨ, ਆਮੀਨ, ਆਮੀਨ" ਹੁੰਦੀ ਹੋਵੇ।

230 "ਆਤਮਾ ਦੇ ਫਲ"। ਉਸ ਲਾੜੀ ਕੋਲ ਕੀ ਹੈ? ਆਤਮਾ ਦੇ ਫਲ ਕੀ ਹਨ? ਅਨੰਦ, ਆਨੰਦ ਉਸ ਦੇ ਦਿਲ ਅੰਦਰ ਹੈ, ਇਹ ਜਾਣਦੇ ਹੋਏ ਕਿ ਉਹ ਛੇਤੀ ਆ ਰਿਹਾ ਹੈ। "ਆਮੀਨ ਅਤੇ ਆਮੀਨ, ਆਮੀਨ।"

231 ਦਿਮਾਗ ਵਿਚ ਸ਼ਾਂਤੀ, ਕਿਉਂ? ਦਿਮਾਗ ਵਿਚ ਸ਼ਾਂਤੀ ਹੈ। ਜਾਣੋ ਕਿਉਂ? ਕੋਈ ਪ੍ਰਵਾਹ ਨਹੀ ਹੈ ਕੀ ਆਉਂਦਾ ਹੈ ਅਤੇ ਕੀ ਜਾਂਦਾ ਹੈ, ਜਹਾਜ ਚਟਾਨ ਨਾਲ ਟਕਰਾਏ, ਤੁਫਾਨ ਆਏ, ਬਿਜਲੀ ਲਿਸ਼ਕੇ, ਗਰਜ ਗਰਜੇ, ਕੁਝ ਵੀ ਕਿਉਂ ਨਾ ਹੋਵੇ, ਇੱਕ ਨਿੱਕਾ ਜਿਹਾ ਫਰਕ ਨਹੀ ਪੈਂਦਾ। ਐਟਮ ਬੰਬ ਡਿੱਗ ਸਕਦੇ ਨੇ। ਤੁਸੀਂ ਚੱਟਾਨ ਨੂੰ ਸੁਰਖਿਅਤ ਸਥਾਨ ਬਣਾ ਸਕਦੇ ਹੋ, ਬੰਬ ਤੋਂ ਬਚਾਓ ਸਥਾਨ, ਜੋ ਕੁਝ ਵੀ ਤੁਸੀਂ ਚਾਹੁੰਦੇ ਹੋ, ਪਰ ਉਹ ਉਸ ਵੇਲੇ ਵੀ ਆਖਦੀ ਹੈ, "ਆਮੀਨ, ਆਮੀਨ, ਆਮੀਨ।"

232 ਕਿਉਂ? ਉਹ ਕਿਸ ਨਾਲ ਸੁਰਖਿਅਤ ਹੈ? ਕਿਸ ਵਿਚ ਬਚੀ ਹੋਈ ਹੈ? ਵਚਨ ਅੰਦਰ, ਵਚਨ (ਕੀ ਹੈ) ਦੇਹ ਧਾਰ ਕੇ ਸਾਡੇ ਅੰਦਰ ਵਾਸ ਕਰ ਰਿਹਾ ਹੈ, ਸਾਡੀ ਸਭਾ ਅੰਦਰ ਉਸ ਨੂੰ ਚਲਦੇ ਫਿਰਦੇ ਵੇਖ ਰਿਹਾ ਹੈ, ਸਮਝੇ? ਉਹੀ ਉਸ ਥਾਂ ਤੇ ਹੈ। ਇਸ ਲਈ ਕੀ ਫਰਕ ਪੈਂਦਾ ਹੈ? "ਆਮੀਨ" ਸੰਘਰਸ਼ ਚੱਲਣ ਦਿਓ।

ਇਕ ਅਸਮਾਨੀ ਆਰਾਮ ਅੰਦਰ ਹੈ ਮੇਰੀ ਜਾਨ ਦਾ ਲੰਗਰ
ਤਾਂ ਜੋ ਅੱਗੇ ਤੋਂ ਜੰਗਲ ਦੇ ਸਮੁੰਦਰਾਂ ਵਿਚ ਕਿਸ਼ਤੀ ਨਾ
  ਚਲਾਵਾਂ;
ਚਾਹੇ ਜੰਗਲ ਦੇ ਡੂੰਘੇ ਘੁਸਮਾਨ ਅੰਦਰ ਝਖੱੜ ਝੁੱਲੇ
ਪਰ ਮੈਂ ਹਾਂ ਯਿਸੂ ਅੰਦਰ ਸਦਾ ਸੁਰਖਿਅਤ

233 ਤੁਸੀਂ ਆਖਦੇ ਹੋ ਤੁਸੀਂ ਯਿਸੂ ਅੰਦਰ ਹੋ ਅਤੇ ਫਿਰ ਉਸਦੇ ਵਚਨ ਦੇ ਇਨਕਾਰੀ ਹੁੰਦੇ ਹੋ? ਕੋਈ ਤਾਂ ਗਲਤੀ ਹੈ। ਉਹ ਸਦਾ ਆਪਣੇ ਵਚਨ ਤੇ ਆਮੀਨ ਆਖਦਾ ਹੈ। ਤੁਸੀਂ ਇਹ ਜਾਣਦੇ ਹੋ। ਸਚ ਹੈ, ਬਿਲਕੁਲ ਠੀਕ।

234 ਸੰਗਤ ਲਈ ਇੱਕਠੇ ਹੋਣਾ। ਆਨੰਦ ਆਤਮਾ ਦੇ ਫਲਾਂ ਵਿਚੋਂ ਇੱਕ ਹੈ। ਮਨ ਦੀ ਸ਼ਾਂਤੀ। ਅਤੇ ਵਚਨ ਅੰਦਰ ਨਿਹਚਾ। ਸ਼ਾਂਤੀ, ਆਨੰਦ, ਨਿਹਚਾ, ਹਲੀਮੀ, ਧੀਰਜ।

235 ਯੁੱਧ ਨੂੰ ਲੜਨ ਲਈ ਨਿਹਚਾ, ਕਿਸ ਤਰ੍ਹਾਂ ਦੀ ਨਿਹਚਾ ਤੁਸੀਂ ਕਿਸ ਢੰਗ ਨਾਲ ਵਰਤ ਰਹੇ ਹੋ? ਕੀ ਤੁਸੀਂ ਆਪਣੀ ਨਿਹਚਾ ਕਿਸੇ ਸਿਧਾਂਤ ਨਾਲ ਵਰਤਣ ਜਾ ਰਹੇ ਹੋ, ਜਾਂ ਕਿਸੇ ਚੀਜ ਦੇ ਕਾਰਨਾ ਤੇ? "ਕੀ ਇਹ ਕਾਰਨ ਸਹੀ ਨਹੀ ਹੈ ਕਿ ਬਹੁਤ ਲੋਕ ਇਸ ਚਰਚ ਅੰਦਰ ਆਉਂਦੇ ਹਨ? ਕੀ ਇਹ ਇੱਕ ਵੱਡੀ ਕਲੀਸਿਯਾ ਨਹੀ ਹੈ?" ਨਹੀ ਜੀ ਸ਼੍ਰੀਮਾਨ ਜੀ, ਇਹ ਨਹੀ ਹੈ। ਜੇਕਰ ਇਹ ਕਲੀਸਿਯਾ, ਉਸ ਅੰਦਰ ਬਾਈਬਲ ਦਾ ਹਰੇਕ ਵਚਨ ਨਹੀ ਪ੍ਰਚਾਰਿਆ ਜਾਂਦਾ, ਅਤੇ ਇਹਦੇ ਹਰੇਕ ਕਹੇ ਵਚਨ ਤੇ "ਆਮੀਨ" ਨਹੀ ਬੋਲਿਆ ਜਾਂਦਾ, ਹਰੇਕ ਅਜੀਬ ਕੰਮ ਅਤੇ ਅਚੰਭਿਆਂ ਤੇ ਨਿਹਚਾ ਨਹੀ ਕੀਤੀ ਜਾਂਦੀ, ਅਤੇ ਠੀਕ

ਉਹਨਾਂ ਅੰਦਰ ਇਹ ਹੁੰਦੇ ਨਹੀ ਵੇਖੇ ਜਾਂਦੇ, ਤਾਂ ਮੈਂ ਉਥੋਂ ਬਾਹਰ ਹੋ ਜਾਵਾਂਗਾ। ਕੋਈ ਮਾਮਲਾ ਨਹੀ ਭਾਵੇਂ ਉਹ ਕਿੰਨੀ ਵੱਡੀ ਜਾਂ ਛੋਟੀ ਹੋਵੇ, ਸਮਝ ਗਏ?

236 ਨਿਹਚਾ, ਪਿਆਰ, ਆਨੰਦ ਅਤੇ ਵਚਨ ਅੰਦਰ ਨਿਹਚਾ। ਇਸ ਲਈ ਸ਼ੈਤਾਨ ਨੂੰ ਆਪਣੀ ਬੰਦੂਕ ਨਾਲ ਨਿਸ਼ਾਨਾ ਬਣਨ ਦਿਓ। ਸਾਡਾ ਲੰਗਰ ਹੈ। ਆਮੀਨ। ਅਸੀਂ ਵੱਡੇ ਲੋਕ ਹੋਣ ਦਾ ਦਾਅਵਾ ਨਹੀ ਕਰਦੇ ਹਾਂ। ਸੰਸਾਰ ਦੀ ਅਮੀਰੀ ਦੀ ਪ੍ਰਵਾਹ ਨਹੀ ਕਰਦੇ ਹਾਂ। ਅਸੀਂ ਸੰਸਾਰ ਦੀਆਂ ਨਜ਼ਰਾਂ ਅੰਦਰ ਵੱਡੇ ਲੋਕ ਨਹੀ ਹਾਂ। ਅਸੀਂ ਨਮ੍ਰ ਅਤੇ ਪੇਂਡੂ ਲੋਕ ਹਾਂ।

237 ਮੇਰੇ ਮਿੱਤਰ ਅੱਜ ਰਾਤ ਇਸ ਸੁਸਮਾਚਾਰ ਨੂੰ ਪ੍ਰਚਾਰਨਾ ਸ਼ੁਰੂ ਕੀਤਾ ਸੀ… ਇਹ ਦੇਰੀ ਹੋ ਰਹੀ ਹੈ, ਵੇਖੋ ਇਸ ਲਈ ਮੈਂ ਬੰਦ ਕਰਨ ਜਾ ਰਿਹਾ ਹਾਂ, ਅੱਜ ਦੀ ਰਾਤ ਲਈ। ਅਸਾਂ, ਕੋਈ ਲਗਭਗ ਕੋਈ ਤੀਹ, ਇਕੱਤੀ ਸਾਲ ਪਹਿਲਾਂ ਦੇ ਸਮੇਂ ਤੋਂ ਪ੍ਰਚਾਰ ਕਰਨਾ ਸ਼ੁਰੂ ਕੀਤਾ ਸੀ, ਮੈਂ ਵਚਨ ਨੂੰ ਪ੍ਰਚਾਰ ਕਰਨਾ ਸ਼ੁਰੂ ਕੀਤਾ ਸੀ। ਇਸੇ ਸੁਸ੍ਮਾਚਾਰ ਨੂੰ ਪ੍ਰਚਾਰਿਆ ਅਤੇ ਇਸ ਨੂੰ ਕਦੇ ਨਹੀ ਬਦਲਿਆ, ਕਿਉਂ ਜੋ ਇਹ ਸਚਾਈ ਹੈ। ਠੀਕ ਇਸੇ ਤੇ ਖੜੇ ਰਿਹਾ ਹਾਂ।

238 ਹੁਣ, ਅੱਜ ਰਾਤ, ਮੈਂ ਤਰਵੰਜਾ ਸਾਲ ਅੱਧੀ ਉਮਰ ਦਾ ਸਿਆਣਾ ਆਦਮੀ ਹਾਂ, ਦਾਦਾ ਬਣਿਆ ਹਾਂ। ਮੈਂ ਪਹਿਲੇ ਨਾਲੋਂ ਵੱਧ ਉਹਨੂੰ ਪਿਆਰ ਕਰਦਾ ਹਾਂ, ਕਿਉਂ ਜੋ ਮੈਂ ਉਸਨੂੰ ਵਾਧੂ ਅਜਮਾਇਆ ਅਤੇ ਲੜਾਈਆਂ ਅੰਦਰ ਵੇਖਿਆ ਹੈ। ਅਤੇ ਮੈਂ ਵੇਖਿਆ ਹੈ, ਬਹੁਤ ਪ੍ਰ੍ਤਾਵੇ ਵਾਲੇ ਸਥਾਨ ਤੇ ਆਇਆ, ਜਿਥੇ ਐਨਾ ਪ੍ਰਤਾਵ ਸੀ, ਜਦ ਹੀ ਮੈਂ ਕੁਝ ਆਖਿਆ, ਜੀਆ ਤਰ੍ਹਾਂ ਕਿ ਨੂੰਹ ਕਿਸ਼ਤੀ ਨਾਦਰ ਸੀ, “ਇਹ ਹੁੋਵੇਗਾ।”

“ਹੁਣ, ਧਿਆਨ ਦਿਓ। ਔਹ, ਰਹਿਮ ਹੋਵੇ! ਖੁਦਾ, ਕੀ ਹੈ…”

239 “ਇਹ ਹੋਵੇਗਾ।” ਇਥੇ ਰੁਕੋ। “ਇਹ ਹੋਵੇਗਾ।” ਸੂਰਜ ਚੜ੍ਹਦਾ ਜਾਂਦਾ ਹੈ। “ਇਹ ਹੋਵੇਗਾ।”

“ਤੁਸੀਂ ਭਾਈ ਬ੍ਰਾਨਹਮ ਕਿਸ ਤਰ੍ਹਾਂ ਜਾਣਦੇ ਹੋ?”

240 “ਖੁਦਾ ਨੇ ਇਸ ਤਰ੍ਹਾਂ ਆਖਿਆ ਹੈ। ਇਹ ਪੂਰਾ ਹੋਵੇਗਾ। ਇਸ ਨੇ ਪੂਰਾ ਹੋਣਾ ਹੈ। ਖੁਦਾ ਨੇ ਇਸੇ ਤਰ੍ਹਾਂ ਆਖਿਆ ਹੈ। ਇਸ ਲਈ ਅਸਮਾਨੀ ਆਰਾਮ ਅੰਦਰ ਮੇਰੀ ਜਾਨ ਦਾ ਲੰਗਰ ਹੈ। ਯਿਸੂ ਅੰਦਰ ਮੈਂ ਸਦਾ ਲਈ ਸੁਰਖਿਅਤ ਹਾਂ। ਕੁਝ ਵੀ ਆਵੇ ਅਤੇ ਜਾਵੇ, ਆਓ ਉਸੇ ਤਰ੍ਹਾਂ ਖੜ੍ਹੇ ਰਹੀਏ।

ਹੁਣ ਆਓ ਉਸੇ ਨੂੰ ਧੰਨਵਾਦ ਕਹਿਣ ਲਈ ਆਪਣੇ ਸਿਰਾਂ ਨੂੰ ਝੁਕਾਈਏ।

241 ਕੀ ਕੋਈ ਅੱਜ ਰਾਤ ਇਥੇ ਹੈ, ਜੋ ਖੁਦਾ ਨੂੰ ਨਾ ਜਾਣਦਾ ਹੋਵੇ ਅਤੇ ਉਸੇ ਤਰ੍ਹਾਂ ਸਹਾਰੇ ਤੇ ਨਾ ਹੋਇਆ ਹੋਵੇ? ਤੁਸੀਂ ਖੁਦਾ ਦੇ ਵਚਨ ਤੇ ਕਦੀ ਵੀ ਅਜੀਬ

ਢੰਗ ਨਾਲ ਖੜ੍ਹੇ ਹੋਏ, ਅਤੇ ਤੁਸੀਂ ਆਖੋਗੇ, “ਭਾਈ ਬ੍ਰਾਨਹਮ ਮੈਂ ਆਪਣਾ ਹੱਥ ਖੜ੍ਹਾ ਕਰਦਾ ਹਾਂ, ਅਤੇ ਆਖੋ, ਮੈਂਨੂੰ ਪ੍ਰਾਰਥਨਾ ਵਿਚ ਯਾਦ ਰੱਖੋ।’ ਮੈਂ ਇਸ ਤਰ੍ਹਾਂ ਦਾ ਕਦੀ ਫੈਸਲਾ ਨਹੀ ਲਿਆ, ਕੋਈ ਵੀ ਮਾਮਲਾ ਕਿਉਂ ਨਾ ਹੋਵੇ। ਮੈਂ ਖੁਦਾ ਤੇ ਨਿਹਚਾ ਰੱਖਾਂਗਾ। ਮੈਂ ਉਸ ਦਾ ਵਚਨ ਹੀ ਲਵਾਂਗਾ। ਕੋਈ ਗੱਲ ਨਹੀ ਕਿਸ ਨੇ ਕੁਝ ਵੀ ਆਖਿਆ ਜਾ ਕੀਤਾ ਹੈ, ਮੈਂ ਅਜੇ ਵੀ ਉਹ ਦੇ ਵਚਨ ਤੇ ਨਿਹਚਾ ਰੱਖਦਾ ਹਾਂ। ਭਾਈ ਬ੍ਰਾਨਹਮ ਮੈਂ ਚਾਹੁੰਦਾ ਹਾਂ ਕਿ ਤੁਸੀਂ ਮੇਰੇ ਲਈ ਪ੍ਰਾਰਥਨਾ ਕਰੋ। ਮੈਂ ਨਿਹਚਾ ਕਰਦਾ ਹਾਂ ਕਿ ਸੰਘਰਸ਼ ਚਲ ਰਿਹਾ ਹੈ ਅਤੇ ਮੈਂ ਇਸ ਵਿਚ ਖੜ੍ਹਾ ਹੋਣ ਦਾ ਫੈਸਲਾ ਲਿਆ ਹੈ...ਮੈਂ ਅਜੇ ਖੜੇ ਹੋਣ ਦਾ ਕਦੇ ਵੀ ਫੈਸਲਾ ਨਹੀ ਲਿਆ ਹੈ। ਮੈਂ ਖੁਦਾ ਪਾਸੇ ਖੜ੍ਹੇ ਰਹਿਣਾ ਚਾਹੁੰਦਾ ਹਾਂ, ਉਸੇ ਦੇ ਵਚਨ ਨਾਲ।”

242 ਫਿਰ ਕਿੰਨੇ ਕੁ ਹਨ ਜਿਨਾਂ ਨੇ ਪਹਿਲਾਂ ਹੀ ਫੈਸਲਾ ਲੈ ਲਿਆ ਹੈ, ਅਤੇ ਪ੍ਰਭੂ ਦੇ ਵਚਨ ਪਿਛੇ ਖੜ੍ਹੇ ਹਨ? ਆਪਣਾ ਹੱਥ ਖੜ੍ਹਾ ਕਰਕੇ ਆਖੋ, “ਇਸ ਲਈ ਮੈਂ ਧੰਨਵਾਦੀ ਹਾਂ ਕਿ ਮੈਂ ਕੀਤਾ ਹੈ।” ਖੁਦਾ ਤੁਹਾਨੂੰ ਬਰਕਤ ਦੇਵੇ। ਸੌ ਪ੍ਰਤੀਸ਼ਤ ਖੁਦਾ ਦੀ ਮਹਿਮਾ ਹੋਵੇ। ਇਥੋਂ ਤੱਕ ਜੋ ਛੋਟੇ ਬੱਚੇ ਆਪਣੇ ਹੱਥ ਖੜ੍ਹੇ ਕਰ ਰਹੇ ਹਨ।

243 ਔਹ, ਜੇ ਕਰ ਇਹ ਸਚਾਈ ਨਹੀ ਹੈ! ਅਸਮਾਨੀ ਸਥਾਨਾਂ ਵਿਚ ਮਸੀਹ ਯਿਸੂ ਵਿਚ ਵਚਨ ਨਾਲ ਸੁਰਖਿਅਤ ਪਾਏ ਜਾਂਦੇ ਹਾਂ। ਵਚਨ ਵਾਲੀ ਕਿਲ੍ਹਲੇਬੰਦੀ, ਇਥੇ ਪਵਿੱਤਰ ਆਤਮਾ ਦੀ ਹਜੂਰੀ ਅੰਦਰ, ਸਾਨੂੰ ਸਬੂਤ ਰਾਹੀਂ ਸਿੱਧ ਕਰਕੇ, ਉਸੇ ਤਰ੍ਹਾਂ ਜਿਸ ਪ੍ਰਕਾਰ ਪਹਿਲੇ ਦਿਨਾਂ ਅੰਦਰ ਹੁੰਦਾ ਸੀ। ਉਹੀ ਅੰਜੀਲ ਉਹੀ ਨਿਸ਼ਾਨ ਉਹੀ ਅਜੂਬਾ ਕੰਮ ਉਹੀ ਖੁਦਾ ਉਸੇਵਚਨ ਨੂੰ ਪੂਰਾ ਕਰਨ ਨੂੰ ਲਿਆਂਦਾ ਜਾ ਰਿਹਾ ਹੈ।

244 ਲੋਕ ਖੜ੍ਹੇ ਹਨ, ਲੋਕਾਂ ਉਪਰ, ਅਗੰਮਵਾਕ, ਭਵਿੱਖਬਾਣੀਆਂ ਦਾ ਆਤਮਾ ਉਤਰਦਾ ਹੈ। ਇੱਕ ਖੜਾ ਹੋਵੇਗਾ, ਉਹਨਾਂ ਉੱਪਰ ਪਰਾਈ ਭਾਖਿਆ ਬੋਲਣ ਵਾਲਾ ਆਤਮਾ ਉਤਰਦਾ ਹੈ। ਉਹ ਪਰਾਈ ਭਾਖਿਆ ਬੋਲਣਗੇ। ਚੁੱਪ ਹੋ ਜਾਣਗੇ, ਅਤੇ ਦੂਸਰਾ ਇਹ ਦਾ ਅਰਥ ਦੱਸੇਗਾ ਅਤੇ ਇਹ ਪੂਰਾ ਹੋਵੇਗਾ, ਔਹ ਚੰਗਾ!

245 ਵੇਖਦੇ ਹਾਂ ਸਾਡੇ ਜੀਵਨ ਨੂੰ ਪਵਿੱਤਰ ਆਤਮਾ ਦੀ ਵੱਡੀ ਸ਼ਕਤੀ ਪਾਪ ਤੋਂ ਬਦਲ ਰਹੀ ਹੈ, ਉਸ ਅੰਦਰੋਂ ਸਾਨੂੰ ਬਾਹਰ ਲਿਆ ਰਿਹਾ ਹੈ, ਅਤੇ ਸਾਨੂੰ ਮਸੀਹ ਯਿਸੂ ਅੰਦਰ ਨਵੀਂ ਰਚਨਾ ਬਣਾ ਰਹੀ ਹੈ। ਅਸੀਂ ਪ੍ਰਭੂ ਦੇ ਵੱਡੇ ਧੰਨਵਾਦੀ ਹਾਂ।

246 ਆਸਮਾਨੀ ਪਿਤਾ ਅੱਜ ਰਾਤ ਤੇਰੇ ਇਹਨਾਂ ਬੱਚਿਆਂ ਦੇ ਝੁੰਡ ਨਾਲ ਇੱਕਠੇ ਹੋਣਾ ਕਿੰਨਾ ਚੰਗਾ ਹੈ, ਉਹ ਜਿਹੜੇ ਹੇਠਾਂ ਕਲਾਰਕਸ ਵਿਲੇ ਅੰਦਰ ਡੇਰਾ ਲਾਏ

ਹੋਏ ਹਨ, ਇਸ ਕਲੀਸਿਯਾ ਨੂੰ ਪਾਸਟਰ ਨੂੰ ਵੇਖ ਕੇ ਬਹੁਤ ਖੁਸ਼ ਹਾਂ, ਲੋਕਾਂ ਅੰਦਰ ਇੱਕ ਵੀ ਨਿਹਚਾਹੀਨ ਨਹੀ ਹੈ ਸਾਰੇ ਸੁਰਖਿਅਤ ਅੰਦਰ ਹਨ, ਪਿਤਾ, ਔਹ ਅਸੀਂ ਇਸ ਲਈ ਤੇਰੇ ਵੱਡੇ ਧੰਨਵਾਦੀ ਹਾਂ।

247 ਮੈਂ ਇਕ ਛੋਟੀ ਨੀਲ ਗਾਂ ਲਈ ਧੰਨਵਾਦੀ, ਇਕ ਸਮੇਂ ਉਹ ਸੁਰਖਿਅਤ ਵਿਚੋਂ ਬਾਹਰ ਆ ਗਿਆ, ਅਤੇ ਸ਼ਿਕਾਰੀ ਕੁੱਤੇ ਉਹਦੇ ਪਿਛੇ ਲੱਗੇ ਸਨ। ਅਤੇ ਉਹ ਪਿਆਰੀ ਜਾਨ ਬਚਾਉਣ ਲਈ ਨਠ ਰਹੀ ਸੀ। ਅਤੇ ਜਦ ਉਹ ਵਾੜ ਕੋਲ ਆਈ ਜਿਥੇ ਬਚਾਓ ਸੀ, ਉਹ ਵਾੜ ਦੀ ਰੋਕ ਨਾਲ ਐਨੀ ਖੁਸ਼ ਸੀ। ਉਹ ਘੂਰਦੇ ਹੋਏ ਮੁੜ ਕੇ ਉਹਨਾਂ ਸ਼ਿਕਾਰੀ ਕੁੱਤਿਆਂ ਵੱਲ ਝਾਤੀ ਮਾਰੀ, ਕਿਉਂ ਜੋ ਉਹ ਬਚਾਓ ਅੰਦਰ ਸੀ। ਉਹ ਵਾੜ ਨੂੰ ਪਾਰ ਨਾ ਕਰ ਸਕਦੇ ਸਨ, ਉਹ ਅਜਿਹਾ ਕਰਨ ਲਈ ਬਣਾਏ ਨਾ ਗਏ ਸਨ। ਜੇ ਕਰ ਉਹ ਵਾੜ ਨੂੰ ਛੂੰਹਦੇ ਤਾਂ ਉਹ ਬਿਜਲੀ ਦੇ ਝਟਕੇ ਨਾਲ ਪਿਛਾਂਹ ਸੁੱਟ ਦਿੱਤੇ ਜਾਂਦੇ।

248 ਪ੍ਰਭੁ ਅਸੀਂ ਇਸੇ ਰਾਹ ਤੇ ਹਾਂ, ਜਦ ਅਸੀਂ ਬਿਜਲੀ ਦੇ ਕਰੰਟ ਪਵਿੱਤਰ ਆਤਮਾ ਦੀ ਸ਼ਕਤੀ ਵਾਲੇ ਖੁਦਾ ਵਾਲੀ ਵਾੜ ਦੇ ਪਿਛੇ ਖੜ੍ਹੇ ਹੁੰਦੇ ਹਾਂ, ਤਾਂ ਸਾਡਾ ਵੈਰੀ ਦੂਰ ਰਹਿੰਦਾ ਹੈ। ਉਹ ਰੋਕ ਨੂੰ ਪਾਰ ਨਹੀ ਕਰ ਸਕਦਾ, ਉਹ ਇਸ ਪ੍ਰਕਾਰ ਨਹੀ ਬਣਾਇਆ ਗਿਆ ਹੈ। ਪਿਤਾ, ਅਸੀਂ ਤੇਰੇ ਧੰਨਵਾਦੀ ਹਾਂ ਕਿ ਤੂੰ ਸਾਨੂੰ ਇਸ ਤਰ੍ਹਾਂ ਦਾ ਬਣਾਇਆ ਹੈ ਕਿ ਅਸੀਂ ਬਚਾਓ ਲਈ ਛਾਲ ਮਾਰ ਸਕਦੇ ਹਾਂ ਯਿਸੂ ਮਸੀਹ ਵਿਚ ਜਾ ਕੇ ਅਸੀਂ ਐਨੇ ਖੁਸ਼ ਹਾਂ, ਪ੍ਰਭੂ ਸਦਾ ਲਈ।

249 ਅਸੀਂ ਪ੍ਰਭੁ ਬੇਨਤੀ ਕਰਦੇ ਹਾਂ, ਇਸ ਛੋਟੀ ਕਲੀਸਿਯਾ ਲਈ, ਇਸ ਦੇ ਪਾਸਟਰ ਲਈ ਇਸਦੇ ਪਿਆਰਿਆਂ ਲਈ, ਇਹਨਾਂ ਨੂੰ ਆਸ਼ੀਸ਼ ਦੇ। ਅੱਜ ਰਾਤ ਸਾਰੇ ਜੋ ਇਥੇ ਹਨ, ਸਾਰੇ ਸੇਵਾਦਾਰਾਂ ਨਾਲ ਆਸ਼ੀਸ਼ ਦੇ।

250 ਅਸੀਂ ਆਪਣੇ ਮਹਿਗ ਮੁੱਲੇ ਅਤੇ ਕਦਰਵਾਲੇ ਭਾਈ ਨੇਵਲ ਲਈ ਬੇਨਤੀ ਕਰਦੇ ਹਾਂ, ਜਿਸ ਤਰ੍ਹਾਂ ਕਿ ਕੱਲ ਸ਼ੈਤਾਨ ਕੋਸ਼ਿਸ਼ ਨਾਲ ਉਸ ਨੂੰ ਠੀਕ ਵਾਕਿਆ ਤੇ ਹੀ ਉਸ ਕਾਰ ਨਾਲ ਕੁਚਲ ਦੇਣ ਲੱਗਾ ਸੀ। ਅਤੇ ਉਹ ਕੋਈ ਭੈੜਾ ਕੰਮ ਕਰਨ ਦੀ ਕੋਸ਼ਿਸ਼ ਕਰੇਗਾ, ਪ੍ਰੰਤੂ ਠੀਕ ਵੇਲੇ ਤੇ ਉਥੇ ਸੀ, ਖੁਦਾ ਉਹ ਨੇ ਇੱਕ ਦਿਨ ਮੈਨੂੰ ਬੰਦੂਕ ਦੇ ਨਿਸ਼ਾਨੇ ਨਾਲ ਮਾਰ ਦੇਣ ਦੀ ਕੋਸ਼ਿਸ਼ ਕੀਤੀ ਸੀ, ਪਰ ਤੂੰ ਠੀਕ ਉਸ ਵਾਕਿਆ ਤੇ ਹਾਜਰ ਸੀ। ਭਾਈ ਵਿਲ੍ਦਰ ਕ੍ਰੇਜ, ਨੂੰ ਮਾਰ ਦੇਣ ਦੀ ਕੋਸ਼ਿਸ਼ ਕੀਤੀ, ਜਦ ਉਹ ਉਸ ਖੰਬੇ ਨਾਲ ਜੋਰ ਨਾਲ ਵੱਜਾ ਸੀ, ਤੂੰ ਦਰਿਸ਼ ਤੇ ਹਾਜਰ ਸੀ। ਉਹ, ਇਹ ਜਾਣ ਕੇ ਤੇਰੇ ਬਾਰੇ ਇੰਨੀ ਖੁਸ਼ੀ ਹੈ, ਜਿਸ ਤਰ੍ਹਾਂ ਕਿ ਇੱਕ ਵਾਰ ਕਵੀ ਨੇ ਆਖਿਆ ਸੀ।

ਯਿਸੂ ਵਿਚ ਨਿਹਚਾ ਕਰਨੀ ਇੰਨੀ ਪਿਆਰੀ ਹੈ,
ਬਸ ਉਸਨੂੰ ਉਸਦੇ ਵਚਨ ਤੇ ਲੈ ਲੈਣਾ ਹੈ,

ਬਸ ਵਾਇਦੇ ਤੇ ਆਰਾਮ ਕਰਨਾ ਹੈ,
**"ਯਹੋਵਾਹ ਇਉਂ ਫਰਮਾਉਂਦਾ ਹੈ।"** ਬਸ ਜਾਨਣ ਲਈ।

251 ਇਸ ਲਈ ਅਸੀਂ ਤੇਰਾ ਕਿਸ ਤਰ੍ਹਾਂ ਧੰਨਵਾਦ ਕਰੀਏ! ਸਾਡੀਆਂ ਜਾਨਾਂ ਨੂੰ ਆਸ਼ੀਸ਼ ਦੇ। ਸਾਡੇ ਪਾਪਾਂ ਨੂੰ ਮਾਫ਼ ਕਰ। ਪ੍ਰਭੂ ਸਾਡੀਆਂ ਬਿਮਾਰੀਆਂ ਨੂੰ ਜੋ ਸਾਡੇ ਅੰਦਰ ਪਾਈਆਂ ਜਾਂਦੀਆਂ ਹਨ ਚੰਗੀਆਂ ਕਰਦੇ। ਅਸੀਂ ਜਾਣਦੇ ਹਾਂ ਇਹ ਜੋ ਮਰਨਹਾਰ ਦੇਹੀਆਂ ਹਨ ਕਮਜੋਰ ਹਨ, ਅਤੇ ਇਹਨਾਂ ਦਾ ਟਕਰਾਓ ਬਿਮਾਰੀ ਦੀ ਚੱਟਾਨ ਨਾਲ ਹੋ ਰਿਹਾ ਹੈ, ਅਤੇ ਸਾਡੀ ਬੇਨਤੀ ਹੈ ਕਿ ਤੂੰ ਸਾਨੂੰ ਨਰੋਇਆ ਰੱਖੇਗਾ, ਕਿ ਅਸੀਂ ਅੰਜੀਲ ਦਾ ਸੁਸਮਾਚਾਰ ਸੁਣਾਈਏ। ਜੇ ਕਰ ਯਿਸੂ ਆਉਣ ਲਈ ਦੇਰੀ ਲਾਉਂਦਾ ਹੈ, ਸਾਨੂੰ ਬਖਸ਼ ਦੇ ਕਿ ਅਸੀਂ ਬਹੁਤ ਸਾਲ ਖੁਸ਼ੀ ਨਾਲ ਗੁਜਾਰੀਏ।

252 ਯਿਸੂ ਮਸੀਹ ਅਤੇ ਕਾਸ਼ ਕਿ ਅਸੀਂ ਸਾਰੇ ਅਨੰਦ ਵਿਚ ਉਠਾਏ ਜਾਣ ਲਈ ਤਿਆਰ ਹੋਈਏ। ਸਭ ਬਚਾਓ ਵਾਲੀ ਕਿਸ਼ਤੀ ਯਿਸੂ ਮਸੀਹ ਅੰਦਰ ਹੋਈਏ, ਇੱਕ ਆਤਮਾ ਨਾਲ, ਉਥੇ ਉਪਰਲੀ ਮੰਜਲ ਤੇ ਬਪਤਿਸਮਾ ਪਾਏ ਹੋਏ ਹੋਈਏ; ਜਿਸ ਜਗਹ ਅੰਦਰ ਅੰਜੀਲ ਦੇ ਸੁਸਮਾਚਾਰ ਦੀ ਰੋਸ਼ਨੀ ਵੇਖ ਸਕੀਏ, ਅਤੇ ਹਰੇਕ ਵਚਨ ਤੇ ਆਮੀਨ ਨਾਲ ਜੋਰ ਪਾ ਸਕੀਏ। ਪ੍ਰਭੂ ਬਖਸ਼ ਦੇ, ਉਹਨਾਂ ਦੀ ਨਿਗਰਾਨੀ ਕਰ, ਅਤੇ ਉਹਨਾਂ ਨੂੰ ਆਸ਼ੀਸ਼ ਦੇ ਮੈਂ ਉਹਨਾਂ ਦੀ ਮੰਗ ਵਾਲਾ ਦਾਅਵਾ ਤੇਰੇ ਤਾਜ ਵਿਚ ਗਹਿਣੇ ਬਣਨ ਦਾ ਕਰਦਾ ਹਾਂ, ਪ੍ਰਭੂ ਯਿਸੂ ਦੇ ਨਾਂ ਵਿਚ ਆਮੀਨ।

ਮੈਂ ਉਸਨੂੰ ਪਿਆਰ ਕਰਦਾ ਹਾਂ, ਮੈਂ ਉਸਨੂੰ ਪਿਆਰ ਕਰਦਾ ਹਾਂ
ਕਿਉਂ ਜੋ ਉਸਨੇ ਪਹਿਲਾਂ ਮੈਨੂੰ ਪਿਆਰ ਕੀਤਾ ਹੈ
ਅਤੇ ਮੇਰੀ ਮੁਕਤੀ, ਕਲਵਰੀ ਦੇ ਰੁੱਖ ਤੇ
ਚੜ੍ਹ ਕੇ ਖਰੀਦੀ ਹੈ।

253 ਹੁਣ ਜਿਸ ਤਰ੍ਹਾਂ ਕਿ ਅਸੀਂ ਜਾਣਦੇ ਹਾਂ, ਵਚਨ ਕਿਸੇ ਸਮੇਂ ਕੱਟਦਾ ਹੈ, ਪਰ ਇਸ ਢੰਗ ਨਾਲ ਵੀ ਅਸੀਂ ਉਸ ਨੂੰ ਪਿਆਰ ਕਰਦੇ ਹਾਂ। ਇਬਰਾਨੀਆਂ 4 ਦੱਸਦਾ ਹੈ, "ਖੁਦਾ ਦਾ ਵਚਨ ਦੋ ਧਾਰੀ ਤੇਜ ਤਲਵਾਰ ਨਾਲੋਂ ਤਿੱਖਾ ਹੈ," ਹਰੇਕ ਚੀਜ਼ ਨੂੰ ਵਿੰਨ੍ਹ ਸੁੱਟਦਾ ਹੈ, ਦੋ ਧਾਰਾਂ ਆਉਂਦੀਆਂ ਅਤੇ ਜਾਂਦੀਆਂ ਹਨ। ਅਤੇ ਇਹ ਬਹੁਤ ਸ਼ਕਤੀਸ਼ਾਲੀ, ਅਤੇ ਬਹੁਤ ਤਿੱਖਾ ਬੰਦ ਬੰਦ ਅਤੇ ਗੁੱਦੇ ਨੂੰ ਅੱਡੋ ਅੱਡ ਕਰਕੇ ਵਿੰਨ੍ਹ ਸੁੱਟਦਾ ਹੈ ਅਤੇ ਮਨ ਦੀਆਂ ਵਿਚਾਰਾਂ ਅਤੇ ਧਾਰਨਾਂ ਨੂੰ ਜਾਂਚ ਲੈਂਦਾ ਹੈ। ਇਹ ਕੀ ਹੈ? ਵਚਨ ਹੈ! ਵਚਨ ਹੈ! ਸਮਝ ਗਏ? ਅਤੇ ਹੁਣ, ਸਾਡੇ ਕਰੜਾ ਸੰਦੇਸ਼ ਸੁਣਨ ਤੋਂ ਬਾਅਦ ਅਸਲੀ ਕਾਟ ਨੂੰ ਹੁੰਦੀ ਅਤੇ ਹੋਈ ਹੈ...ਕੀ

ਤੁਸੀਂ ਇਸਤੇ ਖੁਸ਼ ਹੋ? (ਸਭਾ ਆਖਦੀ ਹੈ,"ਅਮੀਨ"—ਸੰਪਾ) ਹਾਂ ਸ਼੍ਰੀਮਾਨ ਜੀ। ਸੰਘਰਸ਼! ਕੀ ਤੁਸੀਂ ਇਸ ਤੇ ਖੁਸ਼ ਹੋ ਕਿ ਅੱਜ ਰਾਤ ਤੁਸੀਂ ਸੁਰਖਿਅਤ ਹੋ? ("ਆਮੀਨ") ਇਹ ਕਲੀਸਿਯਾ ਲਈ, ਨਿਹਚਾ, ਸ਼ਕਤੀ, ਆਸ ਪੈਦਾ ਕਰਦਾ ਹੈ, ਉਹ!

ਮਸੀਹ ਜੋ ਮਜਬੂਤ ਚੱਟਾਨ ਹੈ ਉਸ ਤੇ ਮੈਂ ਖੜ੍ਹਾ ਹਾਂ।
ਬਾਕੀ ਸਭ ਜਗਾਹ ਖਿਸਕ ਜਾਣ ਵਾਲੀ ਰੇਟ ਹੀ ਹਨ।

254 ਹੁਣ, ਆਓ ਅਸੀਂ ਬੱਸ ਦੋ ਜਾਂ ਤਿੰਨ ਕੁ ਮਿੰਟਾਂ ਲਈ ਉਸ ਅੱਗੇ ਨੀਵੇਂ ਹੋਈਏ। ਕੀ ਹੋਵੇਗਾ? ਆਓ ਅਸੀਂ ਬਸ ਆਪਣੀਆਂ ਅੱਖਾਂ ਬੰਦ ਕਰੀਏ, ਆਓ ਆਪਣੇ ਹੱਥਾਂ ਨੂੰ ਉੱਪਰ ਚੁੱਕੀਏ।

255 ਪਿਆਰੀ ਭੈਣ ਜੀ, ਸਾਡੇ ਵਾਸਤੇ ਸੁਰ ਵਜਾਓ, ਮੈਂ ਉਸਨੂੰ ਪਿਆਰ ਕਰਦਾ ਹਾਂ ਕੀ ਤੁਸੀਂ ਕਰੋਗੇ, ਉਸ ਤੇ ਮੈਂ ਵੀ ਗਾਵਾਂਗਾ।

ਮੈਂ ਉਸਨੂੰ ਪਿਆਰ ਕਰਦਾ ਹਾਂ,

ਬਸ ਆਪ ਨੂੰ ਭੁੱਲ ਜੋ ਹੁਣ, ਝੁਕ ਜਾਓ!

ਕਿਉਂ ਜੋ ਉਸਨੇ ਮੈਨੂੰ ਪਹਿਲਾਂ ਪਿਆਰ ਕੀਤਾ ਹੈ।
ਅਤੇ ਮੇਰੀ ਮੁਕਤੀ ਨੂੰ
ਕਲਵਰੀ ਦੇ ਰੁੱਖ ਤੇ ਚੜ੍ਹ ਕੇ ਖਰੀਦਿਆ।

256 ਆਓ ਹੁਣ ਅਸੀਂ ਇੱਕ ਦੂਸਰੇ ਵੱਲ ਵੇਖਦੇ ਹੋਏ, ਇੱਕ ਦੂਸਰੇ ਨਾਲ ਹੱਥ ਮਿਲਾਉਂਦੇ ਹੋਏ ਆਖੀਏ।

ਮੈਂ ਉਸਨੂੰ ਪਿਆਰ ਕਰਦਾ ਹਾਂ।
ਕਿਉਂ ਜੋ ਪਹਿਲਾਂ ਉਸਨੇ ਮੈਨੂੰ ਪਿਆਰ ਕੀਤਾ ਹੈ
ਅਤੇ ਮੇਰੀ ਮੁਕਤੀ ਕਲਵਰੀ ਦੇ ਰੁੱਖ ਤੇ ਚੜ੍ਹ ਕੇ ਖਰੀਦੀ
ਹੈ।

257 ਕਲਵਰੀ ਕੀ ਸੀ? ਉਸ ਲਈ ਕਾਦੇਸ਼ ਬਰਨਿਆ ਸੀ। ਉਸਨੇ ਕੀ ਕੀਤਾ? ਉੱਪਰ ਉਥੇ ਜਾ ਕੇ ਆਖਿਆ, "ਮਨੁੱਖ ਮੌਤ ਤੋਂ ਬਾਅਦ ਵੀ ਜਿੰਦਾ ਹੈ। ਮੈਂ ਤੁਹਾਨੂੰ ਇਸਦਾ ਸਬੂਤ ਦੇਵਾਂਗਾ।" ਉੱਪਰ ਉੱਥੇ ਦਾ ਦੇਸ਼ ਬਰਨਿਆ ਤੇ ਜਾਂਦਾ ਹੈ, ਕਲਵਰੀ! ਤੇ ਜਾ ਕੇ ਸਾਡਾ ਸਭਨਾ ਦਾ ਨਿਆਓ ਚੁੱਕ ਲੈਂਦਾ ਹੈ। ਸਾਡੇ ਸਭਨਾਂ ਲਈ ਮਰ ਗਿਆ, ਅਤੇ ਯ੍ਰ੍ਦਨ—ਮੌਤ ਨੂੰ ਪਾਰ ਕਰ ਜਾਂਦਾ ਹੈ, ਤੀਸਰੇ ਦਿਨ ਉਹ ਵਾਪਸ ਆ ਗਿਆ। ਪਥਰ ਪਹਾੜ ਤੋਂ ਰੀੜ ਕੇ ਥੱਲੇ ਆ ਗਿਆ, ਅਤ ਉਹ ਜੀ ਉਠ ਕੇ ਤੁਰ ਪਿਆ।

ਕਿਸੇ ਇੱਕ ਨੇ ਆਖਿਆ ਕਿ "ਉਹ ਆਤਮਾ ਹੈ।"

258 ਬੋਲਿਆ, "ਮੈਨੂੰ ਛੂਹੋ ਕੀ ਆਤਮਾ ਹੱਡੀਆਂ ਅਤੇ ਮਾਸ ਨਾਲ ਢਕਿਆ ਹੁੰਦਾ ਹੈ?" ਪੁਛਿਆ, "ਕੀ ਤੁਹਾਡੇ ਕੋਲ ਖਾਣ ਲਈ ਕੁਝ ਹੈ?"

259 ਮੇਰਾ ਅੰਦਾਜਾ, ਉਹਨੇ ਕਿਹਾ, "ਸਾਡੇ ਕੋਲ ਇਥੇ ਕੁਝ ਸ਼ਹਿਦ ਅਤੇ ਰੋਟੀ, ਅਤੇ ਕੁਝ ਮਛੀ ਹੈ।"

260 ਆਖਿਆ, "ਆਓ ਅਸੀਂ ਉਸਦਾ ਇੱਕ ਟੁਕੜਾ ਲਈਏ।" ਅਤੇ ਉਹਨਾਂ ਨੇ ਲੈ ਆਉਂਦਾ ਅਤੇ ਖਾਧਾ। ਉਸਨੇ ਆਖਿਆ,"ਹੁਣ ਤੁਸੀਂ ਯਰੁਸ਼ਲਮ ਨੂੰ ਸ਼ਲੇ ਜਾਓ ਅਤੇ ਉਥੇ ਅੰਜੀਲ ਦਾ ਪ੍ਰਚਾਰ ਸੁਣਾਉਣਾ ਸ਼ੁਰੂ ਕਰੋ। ਅਤੇ ਮੈਂ ਤੁਹਾਡੇ ਕੋਲ ਪਹਿਲਾ ਫਲ...ਜੀ ਉਠਣ ਵਾਲਾ ਪਹਿਲਾ ਫਲ ਭੇਜਾਂਗਾ, ਕਿਉਂ ਜੋ ਮੈਂ ਤੁਹਾਨੂੰ ਬੇਪ੍ਰਤੀਤੀ ਵਿਚੋਂ ਬਾਹਰ ਕਢ ਲੈ ਆਵਾਂ ਅਤੇ ਇਸ ਨਿਹਚਾ ਵਿਚ ਨਿਹਚਾਵਾਨ ਬਣਾਵਾਂ। ਅਤੇ ਤੁਸੀਂ ਸਾਰੀ ਬੇਪ੍ਰਤੀਤੀ, ਪਾਪ ਵਿਚੋਂ ਉੱਪਰ ਉਠਾਏ ਜਾਓਗੇ ਅਤੇ ਇਸ ਤਰ੍ਹਾਂ ਕੁਝ ਪਹਿਲੇ ਪਹਿਰ ਅੰਦਰ, ਦੂਸਰੇ ਪਹਿਰ ਅੰਦਰਲੀ ਕਤਾਰ ਵਿਚ ਖੜ੍ਹੇ ਹੋਵੋਗੇ।..."

261 ਉਹ ਸਤਵਾਂ ਪਲ...ਕੀ ਤੁਹਾਨੂੰ ਯਾਦ ਹੈ? ਸਤਵਾਂ ਪਹਿਰ ਉਹ ਹੈ ਜਿਸ ਵਿਚ ਉਹ ਆਉਂਦਾ ਹੈ। ਸਤਵਾਂ ਪਲ ਕੀ ਸੀ? ਸਤਵੇਂ ਦੂਤ ਦਾ ਸੰਦੇਸ਼। ਪਹਿਲੇ ਪਹਿਰ ਅੰਦਰ ਉਹ ਸੌਂ ਗਏ, ਦੂਜੀ ਘੜੀ, ਤੀਜੀ, ਚੌਥੀ, ਪੰਜਵੀਂ, ਛੇਵੀਂ, ਸਾਰੇ ਯੁੱਗਾਂ ਵਿਚ ਅਤੇ ਥੁਆਤੀਰੇ ਦੇ ਯੁੱਗ ਅੰਦਰ ਵੀ, ਲਓਦਿਕਿਏ ਦੇ ਯੁੱਗ ਤੱਕ ਸੌਂ ਗਏ। ਪਰ ਸਤਵੇਂ ਪਹਿਰ ਅੰਦਰ, ਧੂੰਮ ਮਚੀ, "ਵੇਖੋ ਲਾੜਾ ਆਉਂਦਾ ਹੈ, ਤੁਸੀਂ ਉਸਦੇ ਮਿਲਣ ਨੂੰ ਨਿਕਲੋ।" ਅਤੇ ਕੀ ਹੋਇਆ? ਉਹ ਜਾਗ ਗਏ ਅਤੇ ਆਪਣੀਆਂ ਬੱਤੀਆਂ ਜਗਾਈਆਂ।

> ਮੈਂ ਉਸਨੂੰ ਪਿਆਰ ਕਰਦਾ ਹਾਂ, ਮੈਂ ਉਸਨੂੰ ਪਿਆਰ
> ਕਰਦਾ ਹਾਂ।
> ਕਿਉਂ ਜੋ...

262 ਕੀ ਤੁਸੀਂ ਅੰਤ ਤੇ ਹੋ? (ਭਾਈ ਬ੍ਰਾਨਹਮ ਕਿਸੇ ਇੱਕ ਨਾਲ ਟੇਪ ਭਰਨ ਬਾਰੇ ਗੱਲ ਕਰਦੇ ਹਨ—ਸੰਪਾ)

> ...ਉਸ ਨੇ ਪਹਿਲਾਂ...

263 (ਕੋਈ ਭਾਈ ਬ੍ਰਾਨਹਮ ਨੂੰ ਦੱਸਦਾ ਹੈ, "ਮੇਰੇ ਕੋਲ *ਇੰਨੀ ਕੁ* ਟੇਪ ਰਹਿ ਗਈ।"—ਸੰਪਾ) "ਅਤੇ..." ਕੀ ਤੂੰ ਭਰ ਸਕਦਾ ਹੈਂ? ਕੀ ਤੇਰੇ ਕੋਲ ਇੰਨ੍ਹੀ ਕੁ ਹੋਰ ਹੈ? ਇੰਨੀ ਕੁ ਹੋਰ ਹੈ ਟੇਪ? ਤੇਰੇ ਕੋਲ ਖਤਮ ਹੋਣ ਵਾਲੀ ਹੈ? ਕੀ ਹੋਰ ਕਰੋਗੇ?

> ਕਲਵਰੀ ਦੇ ਰੁੱਖ ਤੇ।

264 ਉਹ, ਮੇਰੀ ਭੈਣ ਰੂਥ! ਮੇਰਾ ਇਹ ਭਾਵ ਨਹੀ ਹੈ ਕਿ ਬੰਦ ਕਰ ਦਿਓ। ਮੈਂ ਸੋਚਦਾ ਸਾਂ ਕਿ ਇਹ ਸੁੰਦਰ ਗੀਤ ਚਲਦੇ ਜਾਣ। ਮੈਂ ਚਾਹੁੰਦਾ ਸਾਂ ਕਿ ਟੇਪ ਵਿਚ ਭਰ ਦਿੱਤੇ ਜਾਣ, ਤੁਸੀਂ ਵੇਖੋ? ਮੇਰੀ ਕੋਸ਼ਿਸ਼ ਸੀ ਕਿ ਇਹਨਾਂ ਗੀਤਾਂ ਨੂੰ ਭਰ ਲਓ, ਤੁਸੀਂ ਵੇਖੋ, ਜਿਸ ਤਰ੍ਹਾਂ ਇਹ ਖਤਮ ਹੁੰਦੇ ਹਨ। ਕੀ ਤੁਸੀਂ ਉਹਨੂੰ ਪਿਆਰ ਨਹੀ ਕਰਦੇ ਹੋ? (ਸਭਾ ਆਖਦੀ ਹੈ, "ਆਮੀਨ") ਤੁਹਾਨੂੰ ਪਤਾ ਹੈ, ਮੈਂ ਵਧੀਆ ਪਿਆਰ ਕਰਦਾ ਹਾਂ, ਪਹਿਲਾਂ ਪੈਂਤੀਕਾਸਤਲ ਵਾਲਾ ਗਾਇਆ ਜਾਣਾ।

265 ਪਰ ਮੈਂ ਸਦਾ ਹੀ ਆਖਦਾ ਆਇਆ ਹਾਂ, "ਮੈਂ ਸਿਖਲਾਈ ਤੋਂ ਵੱਧ ਸੁਰ ਤੋਂ ਨਫਰਤ ਕਰਦਾ ਹਾਂ, ਐਨੀ ਅਵਾਜ ਕਢਨੀ ਕਿ ਉਹਨਾਂ ਦਾ ਸਾਹ ਹੰਭ ਜਾਵੇ ਚਿਹਰਾ, 'ਚੀਕਾਂ' ਮਾਰਦੇ ਨੀਲਾ ਹੋ ਜਾਵੇ।" ਅਤੇ ਉਹ...ਗਾਉਂਦੇ ਨਹੀ ਹਨ ਬਸ ਉਹ ਸ਼ੋਰ ਹੀ ਪਾਉਂਦੇ ਹਨ। ਸਮਝੇ?

266 ਪਹਿਲੇ ਗਾਉਣ ਨੂੰ ਮੈਂ ਚੰਗੀ ਤਰ੍ਹਾਂ ਪਿਆਰ ਕਰਦਾ ਹਾਂ, ਤੁਸੀਂ ਜਾਣਦੇ ਹੋ, ਜਿਸ ਤਰ੍ਹਾਂ—ਜਿਸ ਤਰ੍ਹਾਂ, ਤੁਹਾਡੇ ਦਿਲਾਂ ਤੋਂ, "ਆਮੀਨ, ਆਮੀਨ, ਆਮੀਨ, ਆਮੀਨ ਨਿਕਲਦਾ ਹੈ।" ਕੀ ਤੁਸੀਂ ਨਹੀ ਕਰਦੇ ਹੋ? (ਸਭਾ ਆਖਦੀ ਹੈ, "ਆਮੀਨ"—ਸੰਪਾ) ਮੈਂ ਇਸਨੂੰ ਪਿਆਰ ਕਰਦਾ ਹਾਂ।

> ਪਿਤਾ ਅੰਦਰ ਨਿਹਚਾ ਹੈ, ਪੁੱਤਰ ਅੰਦਰ ਨਿਹਚਾ ਹੈ,
> ਪਵਿੱਤਰ ਆਤਮਾ ਅੰਦਰ ਨਿਹਚਾ, ਇਹ ਤਿੰਨ ਹਨ ਇੱਕ;
> ਦੁਸ਼ਟ ਆਤਮੇ ਕੰਬਣਗੇ, ਅਤੇ ਪਾਪੀ ਜਾਗਣਗੇ;
> ਯਹੋਵਾਹ ਅੰਦਰ ਨਿਹਚਾ ਕਿਸੇ ਚੀਜ ਨੂੰ ਵੀ ਹਿਲਾ ਦੇਵੇਗੀ।

267 ਆਮੀਨ। ਸ਼ੈਤਾਨ ਦੀ ਇਸ ਪਾਤਸ਼ਾਹੀ ਨੂੰ ਚੂਰ ਕਰਕੇ ਢੇਗ ਦਿਓ। "**ਯਹੋਵਾਹ ਇਉਂ ਫਰਮਾਉਂਦਾ ਹੈ**" ਵਾਲੇ ਵਚਨਾਂ ਦਾ ਵੱਡਾ ਧਮਾਕਾ ਉਸ ਤੇ ਕਰੋ। ਉਹ ਖੁਦਾ ਦੇ ਵਚਨ ਦਾ ਪਰਮਾਣੂ ਉਥੇ ਡਿਗਦਾ ਹੈ, ਅਤੇ ਬਸ ਸ਼ੈਤਾਨ ਦੀ ਪਾਤਸ਼ਾਹੀ ਨੂੰ ਖੇਰੂ—ਖੇਰੂ ਕਰ ਦਿੰਦਾ ਹੈ। ਆਮੀਨ। ਫਿਰ, "ਯਿਸੂ ਦੇ ਸਿਪਾਹੀ ਮਾਰਚ ਕਰਦੇ ਜੰਗ ਵਿਚ ਅੱਗੇ ਵਧਦੇ ਹਨ।" ਇਹ ਸਹੀ ਹੈ। ਬਿਲਕੁਲ ਠੀਕ।

268 ਆਓ ਅਸੀਂ ਹੁਣ ਫਿਰ ਗਾਈਏ, ਹਰ ਕੋਈ, ਆਪਣੇ ਹੱਥਾਂ ਨੂੰ ਉੱਪਰ ਉਠਾ ਕੇ, ਆਪਣੀਆਂ ਅੱਖਾਂ ਬੰਦ ਕਰਕੇ, ਉੱਚੀ ਅਵਾਜ ਨਾਲ, *ਮੈਂ ਉਹਨੂੰ ਪਿਆਰ ਕਰਦਾ ਹਾਂ*। ਬਿਲਕੁਲ ਠੀਕ, ਪਿਆਰੀ ਠੀਕ, ਪਿਆਰੀ ਭੈਣ, ਬਿਲਕੁਲ ਠੀਕ।

ਮੈਂ ਉਸਨੂੰ ਪਿਆਰ ਕਰਦਾ ਹਾਂ ਮੈਂ ਉਸਨੂੰ ਪਿਆਰ ਕਰਦਾ ਹਾਂ।
ਕਿਉਂ ਜੋ ਪਹਿਲਾਂ ਉਸਨੇ ਮੈਨੂੰ ਪਿਆਰ ਕੀਤਾ ਹੈ
ਅਤੇ ਮੇਰੀ ਮੁਕਤੀ ਕਲਵਰੀ ਦੇ ਰੁੱਖ ਤੇ ਚੜ੍ਹ ਕੇ ਖਰੀਦੀ ਹੈ।

269 ਆਸਮਾਨੀ ਪਿਤਾ, ਹੁਣ ਅਸੀਂ ਆਪਣੇ ਆਪ ਨੂੰ ਤੇਰੇ ਹੱਥਾਂ ਵਿਚ ਸੌਂਪਦੇ ਹਾਂ। ਤੂੰ ਸਾਡੇ ਨਾਲ ਜਿਸ ਤਰ੍ਹਾਂ ਚੰਗਾ ਲੱਗੇ ਕਰ। ਅਸੀਂ ਨਿਹਚਾ ਕਰਦੇ ਹਾਂ ਪ੍ਰਭੁ ਤੂੰ ਸਾਨੂੰ ਸਾਡੇ ਸਮਾਜ ਵਿਚ ਦੂਸਰਿਆਂ ਨੂੰ ਚਾਨਣ ਵਿਚ ਲੈ ਆਉਣ, ਅਤੇ ਜਿਥੇ ਕੀਤੇ ਵੀ ਤੂੰ ਸਾਨੂੰ ਚਲਾਵੇਂ, ਉਸ ਲਈ ਵਰ੍ਤੇਂਗਾ। ਅਤੇ, ਖੁਦਾ, ਹੁਣ ਸਾਡੀ ਨਿਗਰਾਨੀ ਕਰ, ਅਤੇ ਸਾਡੇ ਫਿਰ ਮਿਲਣ ਤੱਕ ਸਾਡੀ ਰੱਖਿਆ ਕਰ, ਅਤੇ ਕੀਮਤੀ ਪੂਲਿਆਂ ਵਿਚ ਬਨ੍ਹ ਦਿਆਂ ਹੋਇਆਂ। ਅਸੀਂ ਯਿਸੂ ਦੇ ਨਾਂ ਵਿਚ ਮੰਗਦੇ ਹਾਂ। ਆਮੀਨ।

270 ਹੁਣ, ਅੱਜ ਰਾਤ ਸੰਗਤ ਦੇ ਵੇਲੇ ਤੁਹਾਡੇ ਸਭਨਾਂ ਨਾਲੋਂ ਇਕ ਖੁਸ਼ੀ ਦੀ ਗੱਲ ਹੈ। ਮੈਂ ਹੁਣ ਮੰਚ ਦੀ ਕਾਰਵਾਈ ਨੂੰ ਤੁਹਾਡੇ ਪਿਆਰੇ ਪਾਸਟਰ, ਭਾਈ ਜੂਨੀ ਦੇ ਹੱਥ ਮੁੜ ਦੇ ਦਿੰਦਾ ਹਾਂ।

ਠੀਕ ਹੈ, ਭਾਈ ਜੂਨੀ।

***ਖੁਦਾ ਅਤੇ ਸ਼ੈਤਾਨ ਵਿਚਕਾਰ ਸੰਘਰਸ਼*** PUN62-0531

(The Conflict Between God And Satan)

ਇਹ ਸੰਦੇਸ਼ ਸਾਡੇ ਪਿਆਰੇ ਭਾਈ ਵਿਲੀਅਮ ਮੈਰਿਅਨ ਬ੍ਰਾਨਹਾਮ ਨੇ ਮਈ 31, 1962 ਵੀਰਵਾਰ ਸ਼ਾਮ ਨੂੰ ਫੇਥ ਅਸੈਮਬਲੀ, ਕਲਾਰਕਸਵਿਲੇ ਇੰਡਿਆਨਾ, ਸੰਯੁਕਤ ਰਾਜ ਅਮਰੀਕਾ ਵਿਚ ਪ੍ਰਚਾਰ ਕੀਤਾ, ਇਸ ਟੇਪ ਦਾ ਨੰ. 62-0531 ਹੈ। ਇਹ ਇੱਕ ਘੰਟੇ ਅਤੇ ਤਰਵੰਜਾ ਮਿੰਟਾਂ ਦਾ ਸੰਦੇਸ਼ ਹੈ। ਜਿਸਦਾ ਅੰਗ੍ਰੇਜੀ ਸਿਰਲੇਖ "98" ਹੈ ਅਤੇ ਪੰਜਾਬੀ ਅਨੁਵਾਦ "ਖੁਦਾ ਅਤੇ ਸ਼ੈਤਾਨ ਵਿਚਕਾਰ ਸੰਘਰਸ਼" ਹੈ।

PUNJABI

©2020 VGR, ALL RIGHTS RESERVED

VOICE OF GOD RECORDINGS, INDIA OFFICE
19 (NEW NO: 28) SHENOY ROAD, NUNGAMBAKKAM
CHENNAI 600 034, INDIA
044 28274560 • 044 28251791
india@vgroffice.org

VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org

# ਕਾਪੀਰਾਈਟ ਨੋਟਿਸ

ਸਾਰੇ ਹੱਕ ਰਾਖਵੇਂ ਹਨ । ਇਹ ਕਿਤਾਬ ਨਿਜੀ ਵਰਤੋਂ ਜਾਂ ਯਿਸੂ ਮਸੀਹ ਦੇ ਸੁਭਸਮਚਾਰ ਦੇ ਪ੍ਰਸਾਰ ਵਾਸਤੇ ਮੁਫ਼ਤ ਵੰਡਣ ਲਈ, ਘਰੇਲੂ ਪ੍ਰਿੰਟਰ ਤੇ ਛਾਪੀ ਜਾ ਸਕਦੀ ਹੈ । ਇਹ ਕਿਤਾਬ ਵੋਇਸ ਆਫ ਗੋਡ ਰਿਕਾਰਡਿੰਗਜ® ਵਲੋਂ ਲਿਖਿਤੀ ਇਜ਼ਾਜ਼ਤ ਦੇ ਬਿਨਾ ਵੇਚੀ, ਵੱਡੇ ਪੈਮਾਨੇ ਤੇ ਦੁਬਾਰਾ ਛਾਪੀ, ਕਿਸੇ ਵੈਬਸਾਈਟ ਤੇ ਪੋਸਟ, ਕਿਸੇ ਰੀਟਰੀਵਲ ਸਿਸਟਮ ਤੇ ਸਟੋਰ, ਕਿਸੇ ਹੋਰ ਭਾਸ਼ਾ ਵਿੱਚ ਅਨੁਵਾਦ, ਜਾਂ ਪੈਸੇ ਦੀ ਮੰਗ ਲਈ ਨਹੀਂ ਵਰਤੀ ਜਾ ਸਕਦੀ ਹੈ । ਵਧੇਰੇ ਜਾਣਕਾਰੀ ਜਾਂ ਹੋਰ ਉਪਲੱਬਧ ਸਮਗਰੀ ਦੇ ਲਈ, ਕਿਰਪਾ ਕਰੇ ਸੰਪਰਕ ਕਰੋ:

VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org